

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : Lokbani08@gmail.com | 31 ਮਾਰਚ 2023 | ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

R.N.I. /Punpun/29016/2008/ ● ਸਾਲ : 15 ● ਅੰਕ : 88 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111








## ਭਾਰਤ ਵਿੱਚ ਕੋਰੋਨਾ ਦੇ ਮਾਮਲੇ ਵੱਧਣ ਨਾਲ ਲੋਕਾਂ 'ਚ ਦਹਿਸ਼ਤ

ਦਿੱਲੀ/ਕਪੂਰ

ਕੇਂਦਰੀ ਸਿਹਤ ਮੰਤਰਾਲੇ ਦੇ ਅੱਜ ਅੱਪਡੇਟ ਕੀਤੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਇੱਕ ਦਿਨ ਵਿੱਚ 3,016 ਨਵੇਂ ਕਰੋਨਾ ਕੇਸਾਂ ਵਿੱਚ ਵਾਧਾ ਹੋਇਆ, ਜੋ ਛੇ ਮਹੀਨਿਆਂ ਵਿੱਚ ਸਭ ਤੋਂ ਵੱਧ ਹੈ, ਜਦੋਂ ਕਿ ਸਰਗਰਮ ਕੇਸ ਵਧ ਕੇ 13,509 ਹੋ ਗਏ ਹਨ।



ਪਿਛਲੇ ਸਾਲ 2 ਅਕਤੂਬਰ ਨੂੰ ਕੁੱਲ 3,375 ਮਾਮਲੇ ਦਰਜ ਕੀਤੇ ਗਏ ਸਨ। ਦੇਸ਼ 'ਚ ਕੋਵਿਡ-19 ਕਾਰਨ 14 ਮੌਤਾਂ ਹੋਈਆਂ ਹਨ ਤੇ ਕੁੱਲ ਗਿਣਤੀ ਵਧ ਕੇ 5,30,862 ਹੋ ਗਈ ਹੈ। ਕਰੋਨਾ ਕਾਰਨ ਮਹਾਰਾਸ਼ਟਰ 'ਚ 3, ਦਿੱਲੀ 'ਚ 2 ਅਤੇ ਹਿਮਾਚਲ 'ਚ ਇਕ ਮੌਤ ਹੋਈ ਹੈ ਤੇ ਕੇਰਲ 'ਚ ਅੱਠ ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਸ਼ੁੱਕਰਵਾਰ ਨੂੰ ਕਰੋਨਾ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਮੀਟਿੰਗ ਕਰਨਗੇ।

## ਜਲੰਧਰ 'ਚ ਹੋਣ ਜਾ ਰਹੀ ਜ਼ਿਮਨੀ ਚੋਣ ਬਾਰੇ ਬਾਜਵਾ ਦਾ ਵੱਡਾ ਬਿਆਨ

ਜਲੰਧਰ/ਰਾਕੇਸ਼ ਵਰਮਾ

ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਾਰਤੀ ਚੋਣ ਕਮਿਸ਼ਨ ਨੂੰ 10 ਮਈ ਨੂੰ ਹੋਣ ਵਾਲੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਆਦਰਸ਼ ਚੋਣ ਜ਼ਾਬਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਬਾਜਵਾ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਸਾਰੇ ਉਮੀਦਵਾਰਾਂ ਲਈ ਬਰਾਬਰੀ ਦਾ ਮੈਦਾਨ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੂੰ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਤਸਵੀਰਾਂ ਨੂੰ ਆਮ ਆਦਮੀ ਕਲੀਨਿਕਾਂ ਤੋਂ ਤੁਰੰਤ ਹਟਾਉਣ ਲਈ ਕਿਹਾ ਜਾਣਾ ਚਾਹੀਦਾ ਹੈ ਜਿਸ ਨਾਲ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਨੂੰ ਜ਼ਰੂਰ ਕੁਝ ਫਾਇਦਾ ਹੋ ਸਕਦਾ ਹੈ। ਬਾਜਵਾ ਨੇ ਕਿਹਾ ਮਾਨ ਆਮ



ਆਦਮੀ ਦੇ ਕਲੀਨਿਕਾਂ ਵਿੱਚ ਆਪਣੀਆਂ ਹੀ ਤਸਵੀਰਾਂ ਲਟਕਾਉਣ ਲਈ ਇੰਨਾ ਕਾਹਲਾ ਹੈ ਕਿ ਉਸਨੇ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਨਾਲ ਸੰਬੰਧਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕਰਵਾਇਆ।

## ਬਲਾਤਕਾਰ ਮਾਮਲੇ ਵਿੱਚ 2 ਨੂੰ ਹੋਈ ਫਾਂਸੀ ਦੀ ਸਜਾ

ਲੁਧਿਆਣਾ/ਸੁਖਚੈਨ ਮਹਿਰਾ

ਵਧੀਕ ਸੈਸ਼ਨ ਜੱਜ ਅਮਰਜੀਤ ਸਿੰਘ ਦੀ ਅਦਾਲਤ ਨੇ ਦੋਰਾਹਾ ਦੇ ਰਹਿਣ ਵਾਲੇ ਵਿਨੋਦ ਸ਼ਾਹ ਅਤੇ ਰੋਹਿਤ ਕੁਮਾਰ ਸ਼ਰਮਾ ਨੂੰ 7 ਸਾਲਾ ਨਾਬਾਲਗ ਬੱਚੀ ਨਾਲ ਜਬਰ-ਜ਼ਨਾਹ ਕਰਨ ਅਤੇ ਕਤਲ ਕਰਨ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਨੂੰ 2-2 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਜ਼ਿਲ੍ਹਾ ਅਟਾਰਨੀ ਪੁਨੀਤ ਜੱਗੀ ਅਤੇ ਸਰਕਾਰੀ ਵਕੀਲ ਬੀਡੀ ਗੁਪਤਾ ਨੇ ਅਦਾਲਤ ਦੇ ਫੈਸਲੇ ਦੀ



ਸ਼ਲਾਘਾ ਕੀਤੀ। ਇਸਤਗਾਸਾ ਪੱਖ ਨੇ ਅਦਾਲਤ ਨੂੰ ਦੱਸਿਆ ਕਿ ਮ੍ਰਿਤਕ ਬੱਚੇ ਦੀ ਮਾਂ ਦੀ ਸ਼ਿਕਾਇਤ 'ਤੇ ਥਾਣਾ ਦੋਰਾਹਾ ਵਿਖੇ 10 ਮਾਰਚ 2019 ਨੂੰ ਕੇਸ ਦਰਜ ਕੀਤਾ ਗਿਆ ਸੀ।

## ਪੰਜਾਬ ਦੇ ਰਾਸ਼ਟਰੀ ਪੱਧਰ ਦੇ ਖਿਡਾਰੀ ਨੇ ਕੀਤੀ ਖੁਦਕੁਸ਼ੀ

ਅਬੋਹਰ/ਲੋਕ ਬਾਣੀ

ਅਬੋਹਰ 'ਚ ਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਮੁੱਖ ਮੰਤਰੀ ਹਾਊਸ ਵਿੱਚ ਕਮਾਂਡੋ ਵਜੋਂ ਤਾਇਨਾਤ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਜਿਸ ਕਾਰਨ ਉਸ ਨੇ ਇਹ ਕਦਮ ਚੁੱਕ ਲਿਆ। ਸੂਚਨਾ ਮਿਲਣ 'ਤੇ ਥਾਣਾ ਸਿਟੀ ਫੌਰੈਸਟ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਮੋਰਚਰੀ 'ਚ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ 30 ਸਾਲਾ ਕਰਮਾ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਸੀਤਾਰਾਮ ਕਲੋਨੀ, ਅਬੋਹਰ, ਸੀ.ਐਮ ਹਾਊਸ ਚੰਡੀਗੜ੍ਹ ਵਿਖੇ ਸੁਰੱਖਿਆ ਵਿਭਾਗ ਵਿੱਚ ਤਾਇਨਾਤ ਸੀ। 27 ਮਾਰਚ ਨੂੰ ਕਰਮ ਸਿੰਘ ਆਪਣੇ ਕਿਸੇ ਦੋਸਤ ਦੇ ਵਿਆਹ ਕਾਰਨ ਛੁੱਟੀ 'ਤੇ ਆਇਆ ਹੋਇਆ ਸੀ।



## ਕੇਰਲ ਦੇ ਮੁੱਖ ਮੰਤਰੀ ਦਾ ਵੱਡਾ ਬਿਆਨ

ਤਿਰੂਵਨੰਤਪੁਰਮ (ਕੇਰਲ)/ਲੋਕ ਬਾਣੀ

ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ



ਕਿਹਾ ਹੈ ਕਿ ਰਾਜ ਦੇ ਖਾੜੀ ਮੁਲਕਾਂ ਵਿਚਲੇ ਲੱਖਾਂ ਕਾਮਿਆਂ ਨੂੰ ਹਵਾਈ ਟਿਕਟਾਂ ਲਈ ਬਹੁਤ ਜ਼ਿਆਦਾ ਕੀਮਤ ਅਦਾ ਕਰਨੀ ਪੈ ਰਹੀ ਹੈ। ਇਸ ਕਾਰਨ ਉਨ੍ਹਾਂ ਦੀ ਬੱਚਤ ਨੂੰ ਵੱਡਾ ਖੋਰਾ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਤਿਓਹਾਰਾਂ ਦੇ ਸੀਜ਼ਨ ਦੌਰਾਨ ਤਾਂ ਹਵਾਈ ਟਿਕਟਾਂ ਦੀ ਕੀਮਤ ਵੱਸੋਂ ਬਾਹਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਦੇ ਸਾਲ ਵਿੱਚ ਹਵਾਈ ਕਿਰਾਏ ਵਿੱਚ ਤਿੱਖੇ ਵਾਧੇ ਅਤੇ ਉਡਾਣਾਂ ਦੀ ਗਿਣਤੀ ਵਿੱਚ ਗਿਰਾਵਟ ਕਾਰਨ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਆਂਧਰਾ ਪ੍ਰਦੇਸ਼ 'ਚ ਮੰਦਰ ਨੂੰ ਲੱਗੀ ਅੱਗ



ਦੁਵਵਾ (ਆਂਧਰਾ ਪ੍ਰਦੇਸ਼)/ਲੋਕ ਬਾਣੀ

ਆਂਧਰਾ ਪ੍ਰਦੇਸ਼ ਦੇ ਪੱਛਮੀ ਗੋਦਾਵਰੀ ਜ਼ਿਲ੍ਹੇ ਵਿੱਚ ਰਾਮ ਨੌਮੀ ਸਮਾਗਮ ਦੀ ਸਮਾਪਤੀ ਮੌਕੇ ਅੱਜ ਮੰਦਰ ਵਿੱਚ ਅੱਗ ਲੱਗ ਗਈ। ਅਧਿਕਾਰੀ ਨੇ ਦੱਸਿਆ ਕਿ ਅੱਗ ਵੇਣੂਗੋਪਾਲ ਸਵਾਮੀ ਮੰਦਰ 'ਚ ਲੱਗੀ। ਉਸ ਨੇ ਦੱਸਿਆ ਕਿ ਸਾਰੇ ਸ਼ਰਧਾਲੂ ਪਹਿਲਾਂ ਹੀ ਅਹਾਤੇ ਤੋਂ ਬਾਹਰ ਚਲੇ ਗਏ ਸਨ।

## ਅਮਰੀਕਾ ਹੈਲੀਕਾਪਟਰ ਹਾਦਸੇ 'ਚ 9 ਸੈਨਿਕਾ ਦੀ ਹੋਈ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ/ਲੋਕ ਬਾਣੀ

ਇਕ ਸਿਖਲਾਈ ਅਭਿਆਸ ਦੌਰਾਨ ਯੂ.ਐਸ. ਆਰਮੀ ਦੇ ਦੋ ਬਲੈਕ ਹਾਕ ਹੈਲੀਕਾਪਟਰ ਕ੍ਰੈਸ਼ ਹੋਣ ਕਾਰਨ ਨੌਂ ਸੈਨਿਕਾਂ ਦੀ ਮੌਤ ਹੋ ਗਈ। ਹਾਦਸਾ ਰਾਤ ਕਰੀਬ 10 ਵਜੇ ਵਾਪਰਿਆ। ਫੋਰਟ ਕੈਂਪਬੈਲ ਦੇ ਪੱਛਮ ਵਿਚ ਟ੍ਰਿਗ ਕਾਉਂਟੀ ਵਿਚ ਫੌਜੀ ਬੇਸ ਨੇ ਵੀਰਵਾਰ ਨੂੰ ਸਵੇਰੇ ਇਕ ਬਿਆਨ ਵਿਚ ਕਿਹਾ। ਅਧਿਕਾਰੀਆਂ ਨੇ ਦੱਸਿਆ ਕਿ ਦੋ ਐਚਐਚ-60 ਬਲੈਕ ਹਾਕ ਮੈਡੀਕਲ ਨਿਕਾਸੀ ਜਹਾਜ਼ ਇਕ ਸਿਖਲਾਈ ਅਭਿਆਸ ਵਿਚ ਰੁੱਝੇ ਹੋਏ ਸਨ।

## ਜੰਮੂ ਕਸ਼ਮੀਰ ਵਿੱਚ ਹੋਇਆ ਵੱਡਾ ਧਮਾਕਾ, ਧਰਤੀ 'ਚ ਹੋਇਆ ਟੋਆ

ਹੀਰਾਨਗਰ/ਜੰਮੂ/ਲੋਕ ਬਾਣੀ

ਜੰਮੂ-ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿੱਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਪਿੰਡ ਵਿੱਚ ਜ਼ਬਰਦਸਤ ਧਮਾਕੇ ਕਾਰਨ ਜ਼ਮੀਨ ਵਿੱਚ ਵੱਡਾ ਟੋਆ ਪੈ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜ਼ਮੀਨਦੋਜ਼ ਸੁਰੰਗ(ਆਈਈਡੀ) ਧਮਾਕਾ ਜਾਪਦਾ ਹੈ। ਸ਼ੱਕ ਹੈ ਕਿ ਆਈਈਡੀ ਨੂੰ ਡਰੋਨ ਰਾਹੀਂ ਲਿਜਾਇਆ ਜਾ ਰਿਹਾ ਸੀ ਅਤੇ ਇਸ ਨੂੰ ਸਰਹੱਦ ਦੇ ਨੇੜੇ ਗਲਤ ਥਾਂ 'ਤੇ ਡਿੱਗ ਗਈ। ਇਸ ਦੌਰਾਨ ਤਲਾਸ਼ੀ ਦੌਰਾਨ ਉਥੋਂ ਹਥਗੋਲਾ ਮਿਲਿਆ ਹੈ।

## ਚੀਨ ਨੇ ਤਾਇਵਾਨੀ ਰਾਸ਼ਟਰਪਤੀ ਦੇ ਅਮਰੀਕਾ ਦੌਰੇ ਦਾ ਕੀਤਾ ਵਿਰੋਧ

ਪੇਈਚਿੰਗ/ਲੋਕ ਬਾਣੀ

ਚੀਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਤਾਇਵਾਨ ਦੀ ਰਾਸ਼ਟਰਪਤੀ ਸਾਈ ਇੰਗ-ਵੇਨ ਤੇ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਕੇਵਿਨ ਮੈਕਾਰਥੀ ਵਿਚਾਲੇ ਲਾਸ ਏਂਜਲਸ ਵਿਚ ਮੁਲਾਕਾਤ ਹੁੰਦੀ ਹੈ ਤਾਂ ਉਸ ਵੱਲੋਂ 'ਠੋਸ ਜਵਾਬੀ ਕਾਰਵਾਈ' ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਤਾਇਵਾਨ ਦੀ ਰਾਸ਼ਟਰਪਤੀ ਆਪਣੇ ਇਕ ਦੌਰੇ ਦੌਰਾਨ ਅਮਰੀਕਾ ਵਿਚ ਰੁਕੇਗੀ।

## ਫਿਲਪੀਂਸ 'ਚ ਕਿਸ਼ਤੀ ਨੂੰ ਲੱਗੀ ਅੱਗ, 31 ਮਰੇ

ਮਨੀਲਾ/ਲੋਕ ਬਾਣੀ

ਦੱਖਣੀ ਫਿਲਪੀਨਜ਼ ਵਿੱਚ ਕਿਸ਼ਤੀ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 31 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ ਸੱਤ ਲਾਪਤਾ ਹਨ। ਕਿਸ਼ਤੀ 'ਤੇ ਕਰੀਬ 250 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਵਾਰ ਸਨ। ਬਚਾਏ ਲੋਕਾਂ ਵਿੱਚੋਂ ਕਈਆਂ ਨੇ ਅੱਗ ਲੱਗਣ ਤੋਂ ਬਾਅਦ ਘਬਰਾਹਟ ਵਿੱਚ ਐਮਵੀ ਲੇਡੀ ਮੈਰੀ ਜੋਏ ਕਿਸ਼ਤੀ ਤੋਂ ਪਾਣੀ ਵਿੱਚ ਛਾਲ ਮਾਰ ਦਿੱਤੀ ਸੀ।


JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ

JSDC GROUP - INDIA



ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਦਰਦਨਾਕ ਸੜਕ ਹਾਦਸੇ 'ਚ 3 ਅਧਿਆਪਕਾਂ ਸਮੇਤ ਚਾਰ ਦੀ ਮੌਤ ਮਾਮਲੇ 'ਚ ਪੰਜਾਬ ਸਰਕਾਰ ਚੁੱਪ; ਹਜ਼ਾਰਾਂ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਪ੍ਰਗਟਾਇਆ ਰੋਸ

## ਜਾਨਲੇਵਾ ਹਾਦਸੇ ਦੇ ਮਾਮਲੇ 'ਚ ਇਨਸਾਫ਼ ਨਾ ਮਿਲਣ ਦੇ ਰੋਸ ਵਜੋਂ ਅਧਿਆਪਕਾਂ ਨੇ ਲਗਾਏ ਕਾਲੇ ਬਿੱਲੇ

**ਚੰਡੀਗੜ੍ਹ/ਅੰਮ੍ਰਿਤਸਰ/ਲੋਕ ਬਾਣੀ**

ਫਾਜ਼ਿਲਕਾ ਜਿਲੇ ਤੋਂ ਤਰਨ ਤਾਰਨ ਵਿਖੇ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੀਤੀ 24 ਮਾਰਚ ਨੂੰ ਦਰਪੇਸ਼ ਭਿਆਨਕ ਹਾਦਸੇ ਦੌਰਾਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਬਾਕੀਆਂ ਦੇ ਗੰਭੀਰ ਜਖ਼ਮੀ ਹੋਣ ਦੀ ਮੰਦਭਾਗੀ ਘਟਨਾ ਦੇ ਕਈ ਦਿਨ ਬੀਤਣ ਦੇ ਬਾਵਜੂਦ, ਪੰਜਾਬ ਸਰਕਾਰ ਵੱਲੋਂ ਅਣਮਨੁੱਖੀ ਰਵੱਈਆ ਦਿਖਾਉਂਦੇ ਹੋਏ ਕਿਸੇ ਤਰਾਂ ਦੇ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ ਹੈ।

ਡੀ.ਟੀ.ਐਫ਼ ਪੰਜਾਬ ਵੱਲੋਂ ਦਿੱਤੇ ਸੱਦੇ ਅਨੁਸਾਰ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਸੂਬਾ ਜਨਰਲ ਸਕੱਤਰ ਮੁਕੇਸ਼ ਗੁਜਰਾਤੀ ਅਤੇ ਸੂਬਾ ਵਿੱਤ ਸਕੱਤਰ ਅਸ਼ਵਨੀ ਅਵਸਥੀ ਵੱਲੋਂ ਫੌਰੀ ਤੌਰ ਤੇ ਸੂਬੇ ਦੇ ਸਕੂਲਾਂ ਵਿੱਚ ਸਰਕਾਰ ਦੇ ਅਣਮਨੁੱਖੀ ਵਤੀਰੇ ਵਿਰੁੱਧ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਗਟਾਓਣ ਦਾ ਫੈਸਲਾ ਕੀਤਾ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਦਿੱਤੇ ਸੱਦੇ ਤਹਿਤ ਅੰਮ੍ਰਿਤਸਰ ਜਿਲੇ ਦੇ ਵੱਖ-ਵੱਖ ਸਕੂਲਾਂ ਸੋਹੀਆਂ ਕਲਾਂ, ਛੱਜਲਵੱਡੀ(ਕੁ ੜੀਆਂ), ਛੱਜਲਵੱਡੀ(ਮੁੰਡੇ), ਤਿੰਮੋਵਾਲ, ਜੱਬੋਵਾਲ, ਮਹਿਸਮਪੁਰਾ, ਵਰਨਾਲੀ, ਲਸ਼ਕਰੀ ਨੰਗਲ, ਬਾਸਰਕੇ ਗਿੱਲਾਂ, ਬਾਸਰਕੇ, ਖਾਸਾ ਬਾਜ਼ਾਰ, ਕੋਟ ਖਾਲਸਾ, ਸਾਂਘਣਾ, ਝੰਝੋਟੀ, ਭੰਗਵਾਂ, ਗਹਿਰੀ ਮੰਡੀ, ਜਗਦੇਵ ਕਲਾਂ, ਵਿਜੈ ਨਗਰ, ਥੋਥੀਆਂ, ਵਡਾਲਾ ਜੋਹਲ, ਕਟੜਾ ਕਰਮ ਸਿੰਘ, ਫਤਾਹਪੁਰ ਆਦਿ ਸਮੇਤ ਜ਼ਿਲੇ ਦੇ ਬਹੁਤ ਗਿਣਤੀ ਸਕੂਲਾਂ ਵਿਚ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਇਸ ਮਾਮਲੇ ਵਿਚ ਅਣਦੇਖੀ ਕਰਨ ਵਾਲ਼ੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਖ਼ਿਲਾਫ ਰੋਸ ਜ਼ਾਹਿਰ ਕਰਦਿਆਂ, ਅਧਿਆਪਕਾਂ ਦੇ ਬਤੌਰ ਕੌਮ ਨਿਰਮਾਤਾ ਸਮਾਜ ਲਈ ਅਹਿਮ ਯੋਗਦਾਨ ਹੋਣ ਦੇ ਮੱਦੇਨਜ਼ਰ, ਫ਼ੌਤ ਹੋਣ ਵਾਲੇ ਅਧਿਆਪਕਾਂ ਤੇ ਡਰਾਈਵਰ ਲਈ ਇੱਕ-ਇੱਕ ਕਰੋੜ, ਗੰਭੀਰ ਜਖ਼ਮੀਆਂ ਲਈ 50 ਲੱਖ ਅਤੇ ਹਸਪਤਾਲ ਵਿਚ ਦਾਖ਼ਿਲ ਅਧਿਆਪਕਾਂ ਨੂੰ ਆਨ ਡਿਊਟੀ ਟ੍ਰੀਟ ਕਰਨ ਦੀ ਮੰਗ ਕੀਤੀ ਹੈ। ਡੀ.ਟੀ.ਐੱਫ. ਦੇ ਆਗੂਆਂ ਅਸ਼ਵਨੀ ਅਵਸਥੀ, ਗੁਰਬਿੰਦਰ ਸਿੰਘ ਖਹਿਰਾ, ਜਰਮਨਜੀਤ ਸਿੰਘ, ਹਰਜਾਪ ਸਿੰਘ ਬੱਲ, ਨਿਰਮਲ ਸਿੰਘ, ਗੁਰਦੇਵ ਸਿੰਘ, ਅਮਨ ਸ਼ਰਮਾ, ਕੁਲਦੀਪ ਸਿੰਘ, ਪਰਮਿੰਦਰ ਸਿੰਘ, ਸ਼ਮਸ਼ੇਰ ਸਿੰਘ, ਰਾਜੇਸ਼ ਕੁਮਾਰ ਪ੍ਰਾਸ਼ਰ, ਸੁਖਜਿੰਦਰ ਸਿੰਘ ਜੱਬੋਵਾਲ, ਕੇਵਲ ਸਿੰਘ, ਮਨਪ੍ਰੀਤ ਸਿੰਘ, ਜਗਦੀਪ ਸਿੰਘ ਆਦਿ ਨੇ ਕਿਹਾ ਕੇ ਪਿੱਤਰੀ ਜਿਲਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।








ਦੂਜੇ ਪਾਸੇ ਇਹਨਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸੋਸ਼ਣ ਕੀਤਾ ਜਾ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕੇ ਹਰੇਕ ਅਧਿਆਪਕ ਨੂੰ ਨਵੀਂ ਨਿਯੁਕਤੀ ਜਾਂ ਤਰੱਕੀ ਹੋਣ ਉਪਰੰਤ ਉਸ ਦੇ ਗ੍ਰਹਿ ਜਿਲੇ ਵਿਚ ਹੀ ਸਟੇਸ਼ਨ ਦਿੱਤਾ ਜਾਵੇ ਅਤੇ ਜਿਲੇ ਵਿਚ ਇੱਕ ਵੀ ਪੋਸਟ ਨਾ ਖਾਲੀ ਹੋਣ ਦੀ ਸੂਰਤ ਵਿਚ ਵੀ ਗੁਆਂਢੀ ਜਿਲੇ ਵਿਚ ਹੀ ਭੇਜਿਆ ਜਾਵੇ। ਇਸ ਦੇ ਨਾਲ ਹੀ ਜਿਆਦਾ ਦੂਰੀ ਤੋਂ ਪੜਾਉਣ ਆਏ ਅਧਿਆਪਕਾਂ ਦੇ ਰਹਿਣ ਲਈ ਪੰਜਾਬ ਦੇ ਹਰੇਕ ਤਹਿਸੀਲ ਕੇਂਦਰ 'ਤੇ ਮਿਆਰੀ ਸਹੂਲਤਾਂ ਵਾਲੇ ਟੀਚਰ ਹੋਮ ਸਥਾਪਿਤ ਕੀਤੇ ਜਾਣ। ਡੀ.ਟੀ.ਐਫ.ਪੰਜਾਬ ਸੂਬਾ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦੀ ਹੈ ਕਿ ਡਿਊਟੀ ਦੌਰਾਨ ਹਾਦਸਾਗ੍ਰਸਤ ਮਹਿਰੂਮ ਅਧਿਆਪਕਾਂ ਨੂੰ ਤੁਰੰਤ ਇੱਕ ਕਰੋੜ ਦਾ ਮੁਆਵਜ਼ਾ ਅਤੇ ਘੱਟੋ-ਘੱਟ ਇੱਕ ਪਰਿਵਾਰਕ ਆਸ਼ਰਤ ਨੂੰ ਯੋਗਤਾ ਅਨੁਸਾਰ ਸਰਕਾਰੀ ਨੌਕਰੀ ਦਿੱਤੀ ਜਾਵੇ, ਤਾਂ ਜੋ ਪਰਿਵਾਰ ਦਾ ਗੁਜ਼ਾਰਾ ਚਲ ਸਕੇ।

ਡੀ.ਟੀ.ਐਫ. ਨੇ ਫ਼ੌਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕੇ ਇਸ ਹਾਦਸੇ ਕਾਰਨ ਪੰਜਾਬ ਦੇ ਸਮੂਹ ਚਿੰਤਨਸ਼ੀਲ ਹਿੱਸਿਆਂ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਹਾਦਸੇ ਦੇ ਪੀੜਤਾਂ ਨੂੰ ਬਣਦਾ ਇਨਸਾਫ਼ ਨਾ ਮਿਲਣ ਦੀ ਸੂਰਤ ਵਿਚ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਹੋ ਜਾਓ ਸਾਵਧਾਨ, DGP ਯਾਦਵ ਦਾ ਨਵਾਂ ਫ਼ੁਰਮਾਨ



**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਪੁਲੀਸ ਨੇ ਸੂਬੇ ਵਿਚ 'ਗੰਨ ਕਲਚਰ 'ਨੂੰ ਠੱਲ ਪਾਉਣ ਲਈ ਇੱਕ ਨਵੀਂ ਮੁਹਿਮ ਦੀ ਸ਼ੁਰੂਆਤ ਕੀਤੀ ਹੈ। ਜਿਸ ਵਿੱਚ ਕਿ ਪੰਜਾਬ ਦੇ DGP ਗੌਰਵ ਯਾਦਵ ਨੇ ਸਾਰੇ ਪੁਲੀਸ ਮੁਲਾਜਮਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਵਾਹਨਾਂ 'ਤੇ ਲੱਗੇ ਗ਼ੈਰ-ਕਾਨੂੰਨੀ ਸਟਿੱਕਰਾਂ ਨੂੰ ਉਤਾਰਿਆ ਜਾਵੇ ਅਤੇ ਜੇਕਰ ਕੋਈ ਅਜਿਹੇ ਸਟਿੱਕਰ ਮੁੜ ਲਗਾਉਂਦਾ ਹੈ ਤਾਂ ਉਸ ਦਾ ਚਲਾਨ ਵੀ ਕੀਤਾ ਜਾਵੇ।ਪੰਜਾਬ 'ਚ ਅੰਮ੍ਰਿਤਪਾਲ ਮਾਮਲੇ ਤੋਂ ਮਗਰੋਂ ਪੁਲੀਸ ਹਿੰਸਾ ਅਤੇ 'ਗੰਨ ਕਲਚਰ' ਨੂੰ ਪ੍ਰੋਮੋਟ ਕਰਨ ਵਾਲੇ ਅਨਸਰਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੀ ਹੈ। ਸੂਬੇ 'ਚ ਕਈ ਲੋਕਾਂ ਨੇ ਆਪਣੇ ਵਾਹਨਾਂ 'ਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਟਿੱਕਰ ਵੀ ਲਗਾਏ ਹੋਏ ਸਨ, ਪੁਲੀਸ ਨੇ ਜਾਂਚ ਦੌਰਾਨ ਭਿੰਡਰਾਂਵਾਲੇ ਦੇ ਸਟਿੱਕਰ ਵੀ ਉਤਾਰ ਦਿੱਤੇ ਅਤੇ ਵਾਹਨ ਚਾਲਕਾਂ ਨੂੰ ਅਜਿਹੇ ਸਟਿੱਕਰ ਮੁੜ ਨਾ ਲਗਾਉਣ ਲਈ ਨਿਰਦੇਸ਼ ਦਿੱਤੇ। ਪੰਜਾਬ ਦੇ 47♦ ਗੌਰਵ ਯਾਦਵ ਨੇ ਸੂਬੇ ਦੀ ਪੁਲੀਸ ਨੂੰ ਹਦਾਇਤਾਂ ਜਾਰੀ ਕੀਤੀਆ ਹਨ ਕਿ ਪੰਜਾਬ ਵਿਚ ਕਿਸੇ ਵੀ ਵਾਹਨ 'ਤੇ ਗ਼ੈਰ-ਕਾਨੂੰਨੀ ਸਟਿੱਕਰ ਲਗਾਉਣ ਵਾਲਿਆਂ ਨਾਲ ਸਖਤੀ ਵਰਤੀ ਜਾਵੇ। ਵਾਹਨਾਂ 'ਤੇ ਹਥਿਆਰਾਂ ਦੀਆਂ ਤਸਵੀਰਾਂ ਲਗਾਉਣਾ ਗੈਰ-ਕਾਨੂੰਨੀ ਹਨ। ਪੁਲੀਸ ਅਫ਼ਸਰਾਂ ਦਾ ਕਹਿਣਾ ਹੈ ਕਿ ਵਾਹਨਾਂ 'ਤੇ ਪੁਲੀਸ, ਫ਼ੌਜ ਅਤੇ ਹੋਰ ਸ਼ੱਕੀ ਸਟਿੱਕਰ ਲਗਾਉਣ 'ਤੇ ਵੀ ਪਾਬੰਦੀ ਹੋਵੇਗੀ। 'ਗੰਨ ਕਲਚਰ' ਦਾ ਪ੍ਰਚਾਰ ਕਰਨ ਵਾਲਿਆਂ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ। ਜੇਕਰ ਕੋਈ ਇਨਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਇਨਾਂ ਹਾਲਾਤਾਂ 'ਚ ਉਸ ਦੇ ਖਿਲਾਫ ਵੀ ਕੇਸ ਦਰਜ ਕੀਤਾ ਜਾ ਸਕਦਾ ਹੈ।

# ਵਿਜੀਲੈਂਸ ਦੀ ਗ੍ਰਿਫ਼ਤ 'ਚ ਸਾਬਕਾ ਮੰਤਰੀ ਦਾ ਪੁੱਤਰ, ਅਦਾਲਤ ਨੇ 6 ਦਿਨਾਂ ਦੇ ਰਿਮਾਂਡ 'ਤੇ ਭੇਜਿਆ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸਾਬਕਾ ਜੰਗਲਾਤ ਮੰਤਰੀ ਪੰਜਾਬ ਸਾਧੂ ਸਿੰਘ ਧਰਮਸੋਤ ਦੇ ਪੁੱਤਰ ਹਰਪ੍ਰੀਤ ਸਿੰਘ ਨੂੰ 60 ਲੱਖ ਰੁਪਏ ਵਿੱਚ ਪਲਾਟ ਖ਼ਰੀਦ ਕੇ ਸਾਜਿਸ਼ ਤਹਿਤ ਉਸੇ ਦਿਨ ਸਿਰਫ਼ 25 ਲੱਖ ਰੁਪਏ ਵਿੱਚ ਵੇਚਣ ਦੇ ਦੋਸ਼ ਹੇਠ ਉਕਤ ਹਰਪ੍ਰੀਤ ਸਿੰਘ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੂੰ ਪਹਿਲਾਂ ਤੋਂ ਹੀ ਦਰਜ ਭ੍ਰਿਸ਼ਟਾਚਾਰ ਦੇ ਇੱਕ ਮੁਕੱਦਮੇ ਵਿੱਚ ਬਤੌਰ ਦੋਸ਼ੀ ਨਾਮਜ਼ਦ ਕੀਤਾ ਹੈ। ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਦੋ ਮੁਲਜ਼ਮ ਰਾਜੇਸ਼ ਕੁਮਾਰ ਚੋਪੜਾ ਅਤੇ ਰਾਜ ਕੁਮਾਰ ਨਾਗਪਾਲ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਮੋਹਾਲੀ ਦੀ ਅਦਾਲਤ ਵਿੱਚ ਪੇਸ਼ ਕਰਕੇ 6 ਦਿਨਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਇਸ ਮੁਕੱਦਮੇ ਦੀ ਹੋਰ ਪੜਤਾਲ ਜਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਬਿਊਰੋ ਵੱਲੋਂ ਪਹਿਲਾਂ ਹੀ ਮੁਕੱਦਮਾ ਨੰਬਰ 06 ਮਿਤੀ 06-02-2023 ਨੂੰ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 13(1), 13(2) ਤਹਿਤ ਵਿਜੀਲੈਂਸ ਬਿਊਰੋ ਉਡਣ ਦਸਤਾ, ਪੰਜਾਬ, ਮੋਹਾਲੀ ਦੇ ਥਾਣੇ ਵਿੱਚ ਦਰਜ ਹੈ। ਇਸ ਕੇਸ ਦੀ ਤਫਤੀਸ਼ ਤੋਂ ਪਾਇਆ ਗਿਆ ਕਿ ਮੁਲਜ਼ਮ ਰਾਜ ਕੁਮਾਰ ਨਾਗਪਾਲ, ਵਾਸੀ ਸੈਕਟਰ 8, ਪੰਚਕੂਲਾ, ਹਰਿਆਣਾ ਵੱਲੋਂ ਪਲਾਟ ਨੰਬਰ 2023, ਸੈਕਟਰ-88 ਮੋਹਾਲੀ ਦੀ ਐਲ.ਓ.ਆਈ. ਗੁਰਮਿੰਦਰ ਸਿੰਘ ਗਿੱਲ, ਵਾਸੀ ਕੋਠੀ ਨੰਬਰ 1677, ਫੇਸ-3ਬੀ-2 ਮੋਹਾਲੀ ਪਾਸੋਂ ਮਿਤੀ 27.11.2018 ਨੂੰ ਇੱਕ ਅਸ਼ਟਾਮ (ਨੰਬਰ ਏਈ773271) ਰਾਹੀਂ 60 ਲੱਖ ਰੁਪਏ ਵਿੱਚ ਖ਼ਰੀਦੀ ਗਈ ਜਦਕਿ ਉਸੇ ਦਿਨ ਉਸੇ ਅਸਟਾਮ ਦੀ ਲੜੀ ਵਿੱਚ ਇੱਕ ਹੋਰ ਅਸਟਾਮ (ਨੰਬਰ ਏਈ773272) ਖ਼ਰੀਦ ਕਰਕੇ, ਮੁਲਜ਼ਮ ਰਾਜ ਕੁਮਾਰ ਵੱਲੋਂ ਇਹੀ ਪਲਾਟ ਅੱਗੇ ਦੋਸ਼ੀ ਸਾਧੂ ਸਿੰਘ ਧਰਮਸੋਤ, ਸਾਬਕਾ ਜੰਗਲਾਤ ਮੰਤਰੀ ਪੰਜਾਬ ਦੇ ਪੁੱਤਰ ਹਰਪ੍ਰੀਤ ਸਿੰਘ ਨੂੰ ਕਰੀਬ 35 ਲੱਖ ਰੁਪਏ ਵਿੱਚ ਘਟਾਕੇ ਸਿਰਫ਼ 25 ਲੱਖ ਰੁਪਏ ਵਿੱਚ ਸਾਜਿਸ਼ ਤਹਿਤ ਵੇਚ ਦਿੱਤਾ ਗਿਆ। ਇਸ ਪਲਾਟ ਦੀ ਖਰੀਦ ਤੇ ਵਿੱਕਰੀ ਸਮੇਂ ਮੁਲਜ਼ਮ ਰਾਜੇਸ਼ ਕੁਮਾਰ ਚੋਪੜਾ, ਵਾਸੀ ਸੈਕਟਰ 82 ਜੇ.ਐਲ.ਪੀ.ਐਲ., ਮੋਹਾਲੀ ਵੱਲੋਂ ਬਤੌਰ ਗਵਾਹ ਦਸਤਖ਼ਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪੜਤਾਲ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਇਸ 60 ਲੱਖ ਰੁਪਏ ਦੀ ਰਕਮ ਵਿੱਚੋਂ ਉਕਤ ਮੁਲਜ਼ਮ ਰਾਜ ਕੁਮਾਰ ਦੇ ਖਾਤੇ ਵਿੱਚ ਪਹਿਲਾਂ ਹੀ ਅਨਮੋਲ ਅੰਪਾਇਰ ਪ੍ਰਾਈਵੇਟ ਲਿਮਟਿਡ ਦੇ ਪ੍ਰੋਪਰਾਈਟਰ ਮੁਲਜ਼ਮ ਰਾਜੇਸ਼ ਕੁਮਾਰ ਚੋਪੜਾ ਵੱਲੋਂ 22,50,000 ਰੁਪਏ, ਹਰਪ੍ਰੀਤ ਸਿੰਘ ਪੁੱਤਰ ਸਾਧੂ ਸਿੰਘ ਧਰਮਸੋਤ ਵੱਲੋਂ 25,00,000 ਰੁਪਏ ਅਤੇ ਬਾਕੀਆਂ ਵੱਲੋਂ 12,10,000 ਰੁਪਏ ਜਮ ?ਹਾਂ ਕਰਵਾ ਦਿੱਤੇ ਗਏ। ਰਾਜ ਕੁਮਾਰ ਤੋਂ ਇਹ ਐਲ.ਓ.ਆਈ. ਅੱਗੇ ਹਰਪ੍ਰੀਤ ਸਿੰਘ ਨੂੰ ਦਿਵਾਉਣ ਵਿੱਚ ਰਾਜ ਕੁਮਾਰ ਸਰਪੰਚ, ਪ੍ਰਾਪਰਟੀ ਡੀਲਰ, ਜੁਝਾਰ ਨਗਰ ਮੋਹਾਲੀ ਅਤੇ ਵਾਸੀ ਫੇਸ 6, ਮੋਹਾਲੀ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਹੈ।

# ਕੇਂਦਰੀ ਜੇਲ੍ਹ 'ਚ ਤਲਾਸ਼ੀ ਦੌਰਾਨ 12 ਮੋਬਾਈਲ ਬਰਾਮਦ, ਕੈਦੀਆਂ ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ

**ਲੁਧਿਆਣਾ/ਲੋਕ ਬਾਣੀ**

ਭਾਵੇਂ ਪੰਜਾਬ ਸਰਕਾਰ ਲਗਾਤਾਰ ਦਾਅਵੇ ਕਰਦੀ ਰਹਿੰਦੀ ਹੈ ਕਿ ਸੂਬੇ ਦੀਆਂ ਜੇਲ੍ਹਾਂ ਵਿੱਚੋਂ ਮੋਬਾਈਲ ਫੋਨਾਂ ਨੂੰ ਖ਼ਤਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪਰ ਸੱਚਾਈ ਇਹ ਹੈ ਕਿ ਜੇਲ੍ਹਾਂ ਵਿੱਚ ਮੋਬਾਈਲ ਫ਼ੋਨਾਂ ਦੀ ਅੰਨ੍ਹੇਵਾਹ ਵਰਤੋਂ ਹੋ ਰਹੀ ਹੈ।

ਇਹੀ ਕਾਰਨ ਹੈ ਕਿ ਜੇਲ੍ਹ ਵਿੱਚੋਂ ਰੋਜ਼ਾਨਾ ਦਰਜਨਾਂ ਮੋਬਾਈਲ ਮਿਲ ਰਹੇ ਹਨ। ਇਸ ਵਾਰ ਲੁਧਿਆਣਾ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 12 ਮੋਬਾਈਲ ਬਰਾਮਦ ਹੋਏ ਹਨ। ਜਿਸ 'ਚੋਂ 4 ਕੈਦੀਆਂ ਅਤੇ ਹਵਾਲਾਤੀਆਂ ਦੇ ਕਬਜ਼ੇ 'ਚੋਂ 4 ਮੋਬਾਈਲ ਬਰਾਮਦ ਹੋਏ, ਜਦੋਂ ਕਿ 8 ਮੋਬਾਈਲ ਫੋਨ ਲਾਵਾਰਸ ਹਾਲਤ ਵਿੱਚ ਪਏ ਮਿਲੇ ਹਨ।




ਹੁਣ ਥਾਣਾ ਡਿਵੀਜ਼ਨ ਨੰਬਰ 7 ਦੀ ਤਾਜਪੁਰ ਚੌਂਕੀ ਦੀ ਪੁਲੀਸ ਨੇ 4 ਕੈਦੀਆਂ ਅਤੇ ਹਵਾਲਾਤੀਆਂ ਸਣੇ 8 ਅਣਪਛਾਤੇ ਵਿਅਕਤੀਆਂ ਖ਼ ?ਲਾਫ਼ 3 ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹੌਲਦਾਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਹਿਲੇ ਮਾਮਲੇ ਵਿੱਚ ਪੁਲੀਸ ਨੇ ਸਹਾਇਕ ਜੇਲ੍ਹ ਸੁਪਰਡੈਂਟ ਹਰਬੰਸ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਨਾਮਜ਼ਦ ਕੀਤਾ ਹੈ। ਪੁਲੀਸ ਨੂੰ ਭੇਜੀ ਰਿਪੋਰਟ ਵਿੱਚ ਉਨ੍ਹਾਂ ਦੱਸਿਆ ਕਿ 27 ਮਾਰਚ ਨੂੰ ਕੇਂਦਰੀ ਜੇਲ੍ਹ ਵਿੱਚ ਕੀਤੀ ਤਲਾਸ਼ੀ ਦੌਰਾਨ ਵੱਖ-ਵੱਖ ਬੈਰਕਾਂ ਵਿੱਚੋਂ 8 ਮੋਬਾਈਲ ਫੋਨ ਬਰਾਮਦ ਹੋਏ ਸਨ। ਏਐਸਆਈ ਗੁਰਦਿਆਲ ਸਿੰਘ ਨੇ ਦੱਸਿਆ ਕਿ ਦੂਜੇ ਮਾਮਲੇ ਵਿੱਚ ਪੁਲੀਸ ਨੇ ਸਹਾਇਕ ਜੇਲ੍ਹ ਸੁਪਰਡੈਂਟ ਸਤਨਾਮ ਸਿੰਘ ਦੀ ਸ਼ਿਕਾਇਤ 'ਤੇ ਮੁਲਜ਼ਮ ਬਲਰਾਮ ਕੁਮਾਰ, ਨੀਰਜ ਕੁਮਾਰ ਅਤੇ ਬਲਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਆਪਣੀ ਰਿਪੋਰਟ ਵਿੱਚ ਦੱਸਿਆ ਕਿ 27 ਮਾਰਚ ਨੂੰ ਕੀਤੀ ਤਲਾਸ਼ੀ ਦੌਰਾਨ ਉਕਤ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 3 ਮੋਬਾਈਲ ਫੋਨ ਬਰਾਮਦ ਹੋਏ ਸਨ। ਹੌਲਦਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਤੀਜੇ ਮਾਮਲੇ ਵਿੱਚ ਪੁਲੀਸ ਨੇ ਸਹਾਇਕ ਜੇਲ੍ਹ ਸੁਪਰਡੈਂਟ ਕਸ਼ਮੀਰ ਸਿੰਘ ਦੀ ਸ਼ਿਕਾਇਤ 'ਤੇ ਹਵਾਲਾਤੀ ਕਰਮਜੀਤ ਸਿੰਘ ਖ਼ ?ਲਾਫ਼ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਆਪਣੀ ਰਿਪੋਰਟ ਵਿੱਚ ਦੱਸਿਆ ਕਿ 28 ਮਾਰਚ ਨੂੰ ਕੀਤੀ ਤਲਾਸ਼ੀ ਦੌਰਾਨ ਉਕਤ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 1 ਮੋਬਾਈਲ ਫ਼ੋਨ ਬਰਾਮਦ ਹੋਇਆ ਸੀ।

# ਨਵਰਾਤਰੀ ਦੀ ਹਾਰਦਿਕ ਸ਼ੁਭਕਾਮਨਾਵਾਂ



**ਲੁਧਿਆਣਾ/ਸ਼ੰਮੀ ਕੁਮਾਰ**

ਸਮਾਜ ਸੇਵਕ ਗੋਲਡੀ ਨੇ ਨਵਰਾਤਰੀ ਤੇ ਮਾਤਾ ਦੇ ਭਗਤਾ ਨੇ ਬੜੀ ਹੀ ਸ਼ਰਧਾ ਦੇ ਨਾਲ ਮਾਤਾ ਰਾਣੀ ਦੀ ਪੂਜਾ ਕਰ ਕੇ ਕੰਜਕਾ ਨੂੰ ਆਪਣੇ ਘਰ ਵਿਚ ਬਿਠਾ ਕੇ ਸ਼ਰਧਾ ਦੇ ਨਾਲ ਪੂਜਨ ਕਿਤਾ। ਕੰਜਕਾਂ ਦੇ ਚਰਨ ਗੰਗਾ ਜਲ ਨਾਲ ਧੋ ਕੇ ਕੇਸਰ ਤਿਲਕ ਲਗਾ ਕੇ ਭੋਗ ਦਾ ਪ੍ਰਸਾਦ ਸਬ ਕੰਜਕਾ ਨੂੰ ਦੀਤਾ ਤੇ ਕੰਜਕਾਂ ਦਾ ਅਸ਼ੀਰਵਾਰ ਲੈ ਕੇ ਅਪਨੀ ਮਨੋਕਾਮਨਾਵਾਂ ਪੂਰਨ ਕੀਤਿਆ।

# ਲਾਇਨ ਮੈਨ ਕਰਮਚਾਰੀਆਂ ਨੂੰ ਮਿਲਦਾ ਮੋਬਾਈਲ ਭੱਤਾ ਬਿਨਾਂ ਕਿਸੇ ਕਾਰਨ ਬੰਦ ਕਰਨਾ ਨਿੰਦਨਯੋਗ : ਉਦੀਪੁਰ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**



ਪਾਵਰਕੌਮ ਦੀ ਮੈਨੇਜ਼ਮੈਂਟ ਵੱਲੋਂ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦਿੰਦਿਆਂ ਮਹਿਕਮੇ ਅੰਦਰ ਕੰਮ ਕਰਦੇ ਲਾਇਨ ਮੈਨ ਕਰਮਚਾਰੀਆਂ ਨੂੰ ਮਿਲਦਾ ਮੋਬਾਈਲ ਭੱਤਾ ਬਿਨਾਂ ਕਿਸੇ ਕਾਰਨ ਬੰਦ ਕਰ ਦਿੱਤਾ ਗਿਆ ਹੈ । ਇਹ ਜਾਣਕਾਰੀ ਦਿੰਦਿਆਂ ਪੀ ਐੱਸ ?ਈ ? ਬੀ ਇੰਪਲਾਈਜ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਸਾਥੀ ਬਲਵਿੰਦਰ ਉਦੀ ? ਪੁਰ ਨੇ ਦਸਿਆ ਹੈ ਕਿ ਸ਼ਬ ਸਟੇਸ਼ਨ ਦੇ ਅਧੀਨ ਕੰਮ ਕਰਦੇ ਲਾਇਨ ਮੈਨ ਜਿਹਨਾ ਨੂੰ ਮਹਿਕਮੇ ਵਲੋਂ ਸਿੱਮਾ ? ਜਾਰੀ ਨਹੀਂ ਕੀਤੀਆਂ ਗਈਆਂ ਸਨ ਪਰ ਉਹਨਾਂ ਦਾ ? ਮੋਬਾਈਲ ਭੱਤਾ ਕੱਟ ਲਿਆ ਹੈ ,ਜੋ ਕਿ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਹੈ । ਜਥੇਬੰਦੀ ਮੈਨੇਜ਼ਮੈਂਟ ਦੇ ਮੁਲਾਜ਼ਮ ਵਿਰੋਧੀ ਰਵੱਈਏ ਦੀ ? ਸਖ਼ਤ ਸਬਦਾਂ ਚ ਨਿੰਦਾ ਕਰਦੀ ਹੋਈ ਮੰਗ ਕਰਦੀ ਹੈ ਕਿ ਕਰਮਚਾਰੀਆਂ ਦਾ ਕੱਟਿਆ ਮੋਬਾਈਲ ਭੱਤਾ ਤੁਰੰਤ ਬਹਾਲ ਕੀਤਾ ਜਾਵੇ ਨਹੀਂ ਤਾਂ ਜਥੇਬੰਦੀ ਮੈਨੇਜ਼ਮੈਂਟ ਵਿਰੁੱਧ ਸੰਘਰਸ਼ ਕਰੇਗੀ ।

# ਮੋਰਿਆ ਸਮਾਜ ਵੱਲੋ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਨੂੰ ਦਿੱਤਾ ਮੰਗ ਪੱਤਰ

**ਲੁਧਿਆਣਾ/ਸ਼ੰਮੀ ਕੁਮਾਰ**

ਆਦਮੀ ਪਾਰਟੀ ਦੇ ਜਿੱਲ੍ਹਾ ਪ੍ਰਧਾਨ ਅਤੇ ਚੇਅਰਮੈਨ ਯੋਜਨਾ ਕਮੇਟੀ ਦੇ ਸ਼ਰਨਪਾਲ ਸਿੰਘ ਮੱਕੜ ਅਤੇ ਸਾਥੀਆਂ ਨੇ ਬੀਤੇ ਦਿਨ ਸਮਰਾਟ ਅਸ਼ੋਕ ਮੋਰਿਆ ਦੇ ਜਯੰਤੀ ਸਮਾਗਮ ਤੇ ਹਾਜਰੀ ਲਗਵਾਈ। ਇਸ ਦੌਰਾਨ ਭਾਰਤ ਮੋਰਿਆ ਸੰਘ ਵੱਲੋ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੂੰ ਮੰਗ ਪੱਤਰ ਸੌਂਪਿਆ ਜਿਸ ਦੇ ਤਹਿਤ ਮੋਰਿਆ ਸਮਾਜ ਵੱਲੋ ਸਮਰਾਟ ਅਸ਼ੋਕ ਮੋਰਿਆ ਦੇ ਜਨਮ ਦਿਨ ਤੇ ਛੁੱਟੀ ਕਰਨ ਦੀ ਮੰਗ ਕੀਤੀ ਅਤੇ OBC ਸਰਟੀਫਿਕੇਟ ਵਿੱਚ ਅੰਸ਼ਿਕ ਸੋਧ ਕਰਨ ਦੀ ਵੀ ਮੰਗ ਕੀਤੀ। ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੇ ਭਾਰਤ ਮੋਰਿਆ ਸੰਘ ਦੇ ਸਦੱਸਿਆ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਉਹਨਾਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣਗੇ ਅਤੇ ਜੋ ਵੀ ਕਾਰਵਾਈ ਹੋ ਸਕਦੀ ਹੈ ਕਰਵਾਈ ਜਾਵੇਗੀ। ਇਸ ਦੌਰਾਨ ਚਰਨਪ੍ਰੀਤ ਸਿੰਘ , ਵਿਜੈ ਮੋਰਿਆ ਬਲਾਕ ਪ੍ਰਧਾਨ, ਗੁਰਦੀਪ ਸਿੰਘ ਅਤੇ ਹੋਰ ਵਲੰਟੀਅਰ ਸਾਥੀ ਹਾਜਿਰ ਰਹੇ।



# ਬੀਮਾ, ਆਯੁਸ਼ਮਾਨ, ਸੀਜੀਐਚਐਸ ਦੇ ਬਾਵਜੂਦ ਸਿਹਤ ਦੇਖ-ਰੇਖ ’ਤੇ ਵਧੇਰੇ ਜੇਬ ਖਰਚ; ਐਮਪੀ ਅਰੋੜਾ

**ਲੁਧਿਆਣਾ/ਲੋਕ ਬਾਣੀ**

ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਡਾ: ਭਾਰਤੀ ਪ੍ਰਵੀਨ ਪਵਾਰ ਨੇ ਸਸਤੀਆਂ ਸਿਹਤ ਸੇਵਾਵਾਂ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਹਾਲ ਜੀ ਵਿਚ ਰਾਜ ਸਭਾ ਵਿੱਚ ਦੱਸਿਆ ਕਿ ਰਾਸ਼ਟਰੀ ਸਿਹਤ ਲੇਖਾ ਅਨੁਮਾਨ 2018-19 ਦੇ ਅਨੁਸਾਰ, ਟੋਟਲ ਹੈਲਥ ਐਕਸਪੇਂਡੀਚਰ (ਕੁੱਲ ਸਿਹਤ ਖਰਚਾ) ਦੇ ਪ੍ਰਤੀਸ਼ਤ ਵਜੋਂ ਆਊਟ ਓਫ ਪੋਕਟ ਐਕਸਪੇਂਡੀਚਰ (ਓਓਪੀਈ) ਦਾ ਖਰਚਾ 48.2% ਹੈ। ਸਾਲ 2015-16, 2016-17, 2017-18 ਅਤੇ 2018-19 ਲਈ ਦੇਸ਼ ਵਿੱਚ ਸਿਹਤ ’ਤੇ ਓਓਪੀਈ ਪ੍ਰਤੀਸ਼ਤ ਕ੍ਰਮਵਾਰ 60.6%, 58.7%, 48.8% ਅਤੇ 48.2% ਹੈ ਅਤੇ ਇਸ ਲਈ ਕੁੱਲ ਸਿਹਤ ਖਰਚੇ ਦੇ ਪ੍ਰਤੀਸ਼ਤ ਦੇ ਤੌਰ ’ਤੇ ਓਓਪੀਈ ਵਿੱਚ ਗਿਰਾਵਟ ਦੀ ਪ੍ਰਵਿਰਤੀ ਹੈ। ਅਰੋੜਾ ਦੇ ਅਨੁਸਾਰ, ਜੇਕਰ ਅਸੀਂ ਬੀਮਾ ਪ੍ਰੀਮੀਅਮਾਂ ’ਤੇ ਖਰਚ ਕੀਤੀ ਰਕਮ ਅਤੇ ਸਿਹਤ ’ਤੇ ਖਰਚੀ ਗਈ ਬੇਹਿਸਾਬੀ ਰਕਮ ਨੂੰ ਜੋੜੀਏ, ਤਾਂ ਇਹ ਵਿਸ਼ਵ ਔਸਤ 18% ਦੇ ਮੁਕਾਬਲੇ ਲਗਭਗ 60% ਹੋਵੇਗੀ। ਸਰਕਾਰ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਇਹ ਯੂਪੀ ਵਿੱਚ 70% ਹੈ ਜੋ ਦੇਸ਼ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਹੈ।

ਸਾਲ 2018-19 ਲਈ ਭਾਰਤ ਲਈ ਰਾਸ਼ਟਰੀ ਸਿਹਤ ਖਾਤਿਆਂ ਦੇ ਅਨੁਮਾਨਾਂ ਅਨੁਸਾਰ ਰਾਜ-ਵਾਰ ਓਓਪੀਈ ਹੇਠ ਲਿਖੇ ਅਨੁਸਾਰ ਹੈ: ਅਸਾਮ (3228 ਕਰੋੜ ਰੁਪਏ), ਆਂਧਰਾ ਪ੍ਰਦੇਸ਼ (16326 ਕਰੋੜ ਰੁਪਏ), ਬਿਹਾਰ (9731 ਕਰੋੜ ਰੁਪਏ), ਛੱਤੀਸਗੜ੍ਹ (3407 ਕਰੋੜ ਰੁਪਏ), ਗੁਜਰਾਤ (10922 ਕਰੋੜ ਰੁਪਏ), ਹਰਿਆਣਾ (6359 ਕਰੋੜ ਰੁਪਏ), ਜੰਮੂ-ਕਸ਼ਮੀਰ (1772 ਕਰੋੜ ਰੁਪਏ), ਝਾਰਖੰਡ (7086 ਕਰੋੜ ਰੁਪਏ), ਕਰਨਾਟਕ (10723 ਕਰੋੜ ਰੁਪਏ), ਕੇਰਲ (23702 ਕਰੋੜ ਰੁਪਏ), ਮੱਧ ਪ੍ਰਦੇਸ਼ (11550 ਕਰੋੜ ਰੁਪਏ), ਮਹਾਰਾਸ਼ਟਰ (32251 ਕਰੋੜ ਰੁਪਏ), ਉੜੀਸਾ (7873 ਕਰੋੜ ਰੁਪਏ), ਪੰਜਾਬ (9196 ਕਰੋੜ ਰੁਪਏ), ਰਾਜਸਥਾਨ (13438 ਕਰੋੜ ਰੁਪਏ), ਤਾਮਿਲਨਾਡੂ (14509 ਕਰੋੜ ਰੁਪਏ), ਉੱਤਰ ਪ੍ਰਦੇਸ਼ (55829 ਕਰੋੜ ਰੁਪਏ), ਉੱਤਰਾਖੰਡ (1338 ਕਰੋੜ ਰੁਪਏ), ਪੱਛਮੀ ਬੰਗਾਲ (31115 ਕਰੋੜ ਰੁਪਏ), ਤੇਲੰਗਾਨਾ (7332 ਕਰੋੜ ਰੁਪਏ)



ਅਤੇ ਹਿਮਾਚਲ ਪ੍ਰਦੇਸ਼ (2226 ਕਰੋੜ ਰੁਪਏ)।

ਕੇਂਦਰੀ ਮੰਤਰੀ ਨੇ ਇਹ ਜਵਾਬ ਲੁਧਿਆਣਾ ਤੋਂ ‘ਆਪ’ ਦੇ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਦਿੱਤਾ। ਅਰੋੜਾ ਨੇ ਸਿਹਤ ਸੰਭਾਲ ਨੂੰ ਕਿਫਾਇਤੀ ਬਣਾਉਣ ਅਤੇ ਜੇਬ ਵਿਚੋਂ ਹੋਣ ਵਾਲੇ ਖਰਚਿਆਂ ਨੂੰ ਘਟਾਉਣ ਲਈ ਮੰਤਰਾਲੇ ਦੁਆਰਾ ਚੁੱਕੇ ਗਏ ਕਦਮਾਂ ਬਾਰੇ ਪੁੱਛਿਆ; ਅਤੇ ਸਿਹਤ ਦੇਖ-ਰੇਖ ਲਈ ਕੀਤੇ ਗਏ ਜੇਬ ਖਰਚੇ ਦੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼-ਵਾਰ ਵੇਰਵੇ ਮੰਗੇ ਸਨ।

ਅਰੋੜਾ ਨੇ ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਮੰਤਰੀ ਦੇ ਜਵਾਬ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਨ ਕਿਉਂਕਿ ਮੁਹੱਈਆ ਕਰਵਾਏ ਗਏ ਜ਼ਰੂਰੀ ਅੰਕੜਿਆਂ ਨੂੰ ਅਪਡੇਟ ਨਹੀਂ ਕੀਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰੀ ਮੰਤਰੀ ਨੂੰ ਮੌਜੂਦਾ ਸਥਿਤੀ ਵਿੱਚ ਚੀਜ਼ਾਂ ਦਾ ਵਿਸ਼ਲੇਸ਼ਣ ਕਰਨ ਲਈ ਨਵੀਨਤਮ ਅਤੇ ਅੱਪਡੇਟ ਡੇਟਾ ਪ੍ਰਦਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 2018-19 ਤੋਂ ਬਾਅਦ ਕਈ ਬਦਲਾਅ ਹੋ ਸਕਦੇ ਹਨ। ਉਨ੍ਹਾਂ ਪੁੱਛਿਆ ਕਿ ਅੱਜ ਦੇ ਆਈਟੀ ਸਮਰਥਿਤ ਸੰਸਾਰ ਵਿੱਚ ਦਿੱਤਾ ਗਿਆ ਡੇਟਾ ਇੰਨਾ ਪੁਰਾਣਾ ਕਿਉਂ ਹੈ।

ਅਰੋੜਾ ਨੇ ਕਿਹਾ ਕਿ ਕੇਂਦਰੀ ਮੰਤਰੀ ਨੇ ਆਪਣੇ ਜਵਾਬ ਵਿੱਚ ਇਹ ਵੀ ਦੱਸਿਆ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਲਈ ਬਜਟ ਅਲਾਟਮੈਂਟ 2017-18 ਵਿੱਚ 47,353 ਕਰੋੜ ਰੁਪਏ ਤੋਂ 82% ਵਧ ਕੇ 2023-24 ਵਿੱਚ 86,175 ਕਰੋੜ ਰੁਪਏ ਹੋ ਗਈ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਸਿਹਤ ਬਜਟ ਲਈ ਹੁੰਦੀ ਅਲੋਟਮੈਂਟ ਨੂੰ ਵਧਾਉਣ ਲਈ ਲਗਾਤਾਰ ਯਤਨ ਕਰ ਰਿਹਾ ਹੈ। ਇਸ ਤੋਂ ਇਲਾਵਾ 15ਵੇਂ ਵਿੱਤ ਕਮਿਸ਼ਨ ਨੇ ਸਥਾਨਕ ਸਰਕਾਰਾਂ ਰਾਹੀਂ ਸਿਹਤ ਲਈ 70,051 ਕਰੋੜ ਰੁਪਏ ਦੀ ਗਰਾਂਟ ਮੁਹੱਈਆ ਕਰਵਾਈ ਹੈ। ਅਰੋੜਾ ਦੇ ਅਨੁਸਾਰ, 2023-24 ਲਈ ਇਹ ਰਕਮ ਜੀਡੀਪੀ ਦਾ ਸਿਰਫ 1.98% ਹੈ ਜਦੋਂ ਕਿ ਵਿਸ਼ਵ ਔਸਤ ਲਗਭਗ 7% ਹੈ।

ਕੇਂਦਰੀ ਮੰਤਰੀ ਨੇ ਅੱਗੇ ਦੱਸਿਆ ਕਿ ਟੈਲੀ-ਮੈਂਟਲ ਹੈਲਥ ਅਸਿਸਟੈਂਸ ਐਂਡ ਨੈੱਟਵਰਕਿੰਗ ਐਕਰੋਸ ਸਟੇਟਸ (ਟੈਲੀ-ਮਾਨਸ) ਦੀ ਸ਼ੁਰੂਆਤ 10 ਅਕਤੂਬਰ 2022 ਨੂੰ ਦੇਸ਼ ਭਰ ਵਿੱਚ 24 ਘੰਟੇ ਮੁਫਤ ਟੈਲੀ-ਮਾਨਸਿਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ, ਖਾਸ ਕਰਕੇ ਘੱਟ ਸੇਵਾ ਵਾਲੇ ਖੇਤਰਾਂ ਅਤੇ ਦੂਰ-ਦੁਰਾਡੇ ਸਥਿਤ ਲੋਕਾਂ ਲਈ। ਪ੍ਰੋਗਰਾਮ ਵਿੱਚ ਬੇਹਤਰੀ ਲਈ 23 ਟੈਲੀ-ਮਾਨਸਿਕ ਸਿਹਤ ਕੇਂਦਰਾਂ ਦਾ ਇੱਕ ਨੈਟਵਰਕ ਸ਼ਾਮਲ ਹੈ। ਅਰੋੜਾ ਨੇ ਕੇਂਦਰ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ।

ਕੇਂਦਰੀ ਮੰਤਰੀ ਨੇ ਆਪਣੇ ਜਵਾਬ ਵਿੱਚ ਦੱਸਿਆ ਕਿ ਇਸ ਤੋਂ ਇਲਾਵਾ, ਰਾਜ ਸਰਕਾਰਾਂ ਦੇ ਸਹਿਯੋਗ ਨਾਲ ਪ੍ਰਧਾਨ ਮੰਤਰੀ ਭਾਰਤੀ ਜਨਔਸ਼ਧੀ ਪਰਿਯੋਜਨਾ (ਪੀਐਮਬੀਜੇਪੀ) ਦੇ ਤਹਿਤ ਗੁਣਵੱਤਾ ਵਾਲੀਆਂ ਜੈਨਰਿਕ ਦਵਾਈਆਂ ਸਭ ਨੂੰ ਸਸਤੀਆਂ ਕੀਮਤਾਂ ’ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ। ਕੁਝ ਹਸਪਤਾਲਾਂ/ਸੰਸਥਾਵਾਂ ਵਿੱਚ ਕਿਫਾਇਤੀ ਦਵਾਈਆਂ ਅਤੇ ਇਲਾਜ ਲਈ ਭਰੋਸੇਯੋਗ ਇਮਪਲਾਂਟ (ਅੰਮ੍ਰਿਤ) ਫਾਰਮੇਸੀ ਸਟੋਰ ਸਥਾਪਤ ਕੀਤੇ ਗਏ ਹਨ।

ਸਿਹਤ ਦੇਖ-ਰੇਖ ’ਤੇ ਆਊਟ ਓਫ ਪੋਕਟ ਐਕਸਪੇਂਡੀਚਰ (ਓਓਪੀਈ) ਕਿਸੇ ਵਿਅਕਤੀ ਦੁਆਰਾ ਸਿਹਤ ਸੰਭਾਲ ਸੇਵਾਵਾਂ ਜਾਂ ਚੀਜ਼ਾਂ ਪ੍ਰਾਪਤ ਕਰਨ ਸਮੇਂ ਕੀਤੇ ਗਏ ਭੁਗਤਾਨ ਹਨ। ਓਓਪੀਈ ਆਮ ਤੌਰ ’ਤੇ ਉਦੋਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਕੋਲ ਸਿਹਤ ਸੰਭਾਲ ਪ੍ਰਦਾਤਾ (ਕਲੀਨਿਕ/ਹਸਪਤਾਲ/ਫਾਰਮੇਸੀ/ਪ੍ਰਯੋਗਸ਼ਾਲਾ ਆਦਿ) ਕਿਸੇ ਸਰਕਾਰੀ ਸਿਹਤ ਸਹੂਲਤ ਦੁਆਰਾ ਜਾਂ ਕਿਸੇ ਗੈਰ-ਮੁਨਾਫ਼ਾ ਸੰਸਥਾ ਦੁਆਰਾ ਸੰਚਾਲਿਤ ਸਹੂਲਤ ਦੁਆਰਾ ‘ਮੁਫ਼ਤ’ ਪ੍ਰਦਾਨ ਨਹੀਂ ਕੀਤਾ ਜਾਂਦਾ ਹੈ ਜਾਂ ਜੇਕਰ ਵਿਅਕਤੀ ਸਰਕਾਰੀ/ਨਿੱਜੀ ਸਿਹਤ ਬੀਮਾ ਜਾਂ ਸਮਾਜਿਕ ਸੁਰੱਖਿਆ ਸਕੀਮ ਦੇ ਅਧੀਨ ਨਹੀਂ ਆਉਂਦਾ ਹੈ।

# ਰੋਜ਼ਾਨਾ ਸਵੇਰ ਫੁੱਟਬਾਲ ਕਲੱਬ ਦੇ ਸਟਾਰ ਖਿਡਾਰੀ ਸਰਬਜੀਤ ਸਿੰਘ ਨੇਂ ਆਪਣੇ ਬੇਟੇ ਅਨਹਦ ਦਾ ਜਨਮ ਦਿਨ ਫੁੱਟਬਾਲ ਮੈਚ ਕਰਵਾ ਕੇ ਮਨਾਇਆ

## ਕੋਈ ਵੀ ਵੀਰ ਰੋਜ਼ਾਨਾ ਸਵੇਰ ਫੁੱਟਬਾਲ ਕਲੱਬ ਵਿਚ ਸਵੇਰੇ ਖੇਡ ਸਕਦਾ ਹੈ : ਅਜੇ ਕੁਮਾਰ ਪ੍ਰਧਾਨ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਰੋਜ਼ਾਨਾ ਸਵੇਰੇ ਫੁੱਟਬਾਲ ਕਲੱਬ ਨਵਾਂਸ਼ਹਿਰ ਦੇ ਸਟਾਰ ਖਿਡਾਰੀ ਸਰਬਜੀਤ ਸਿੰਘ ਨੇ ਅੱਜ ਆਪਣੇ ਬੇਟੇ ਅਨਹਦ ਦਾ ਜ਼ਨਮ ਦਿਨ ਕਲੱਬ ਦੇ ਪ੍ਰਧਾਨ ਅਜੇ ਮਹਿਰਾ ਜੀ ਦੀ ਅਗਵਾਹੀ ਵਿੱਚ ਫੁੱਟਬਾਲ ਮੈਚ ਆਰ ਕੇ ਆਰੀਆ ਕਾਲਜ ਦੀ ਗਰਾਊਂਡ ਵਿੱਚ ਕਰਵਾ ਕੇ ਮਨਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਨੇ ਦੱਸਿਆ ਕਿ ਅੱਜ ਇਹ ਮੈਚ ਮਿੰਟਾਂ ਇਲੈਵਨ ਅਤੇ ਧੀਰੂ ਇਲੈਵਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਦੇ ਪਹਿਲੇ ਹਾਫ਼ ਵਿੱਚ ਧੀਰੂ ਇਲੈਵਨ ਨੇ ਵਰਿੰਦਰ ਸਿੰਘ, ਮੰਨਜੂ ਬਾਲੀ,ਸਰਬਜੀਤ ਸਾਬੀ, ਰੌਬਿਨ, ਭਵਨੀਸ ਜਾਗੜਾ ਵਲੋਂ ਪਾਸ ਬਣਾਉਂਦੇ ਹੋਏ ਕਾਫੀ ਸੂਟਿਗ ਕੀਤੀ ਗਈ ।ਪਰ ਅੱਗੇ ਅਵਤਾਰ ਸਿੰਘ ਵੀ ਗੋਲ ਨਹੀ ਕਰ ਸਕਿਆ ।ਦੂਸਰੇ ਹਾਫ ਵਿੱਚ ਮਿੰਟਾਂ ਇਲੈਵਨ ਦੀ ਟੀਮ ਦੇ ਖਿਡਾਰੀਆਂ ਸੌਰਵ , ਲਵੀ, ਤਾਜੂ, ਤਰਸੇਮ ਲਾਲ, ਅਜੇ ਮਹਿਰਾ, ਸ਼ੈਕੀ ਵੱਲੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਅਟੈਕ ਤੇ ਅਟੈਕ ਕਰਕੇ ਮੈਚ ਦਾ ਪਾਸਾ ਪਲਟਣ ਦੀ ਕੋਸ਼ਿਸ ਕੀਤੀ ਪਰ ਸਰਬਜ਼ੀਤ ਦੀ ਵਧੀਆ ਡਿਫੈਸ ਤੇ ਦੋਨਾਂ ਟੀਮਾਂ ਦੇ ਗੋਲਕੀਪਰ ਵਧੀਆ ਹੋਣ ਕਰਕੇ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ ।ਇਸ ਤਰਾ ਮੈਚ ਦਾ ਸਮਾ ਸਮਾਪਤ ਹੋ ਗਿਆ ।ਇਸ ਮੈਚ ਵਿਚ ਫੁੱਟਵਾਲ ਦੀ ਜਿੱਤ ਹੋਈ ।ਸਮੂਹ ਕਲੱਬ ਦੇ



ਖਿਡਾਰੀਆਂ ਵਲੋਂ ਤਾੜੀਆਂ ਵੱਜਾ ਕੇ ਸਰਬਜੀਤ ਸਿੰਘ ਨੂੰ ਉਸ ਦੇ ਬੇਟੇ ਅਨਹਦ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਸਰਬਜੀਤ ਸਿੰਘ ਜੀ ਨੇ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਦਿੱਤੀ। ਇਸ ਮੌਕੇ ਅਜੇ ਮਹਿਰਾ ਤੇ ਤਰਸੇਮ ਲਾਲ ਜੀ ਨੇ ਆਰ ਕੇ ਆਰੀਆ ਕਾਲਜ ਦੇ ਪ੍ਰਿੰਸੀਪਲ ਸੰਜੀਵ ਡਾਬਰ ਅਤੇ ਆਰ ਕੇ ਆਰੀਆ ਕਾਲਜ ਸੋਸਾਇਟੀ ਪ੍ਰਧਾਨ ਵਿਨੋਦ ਭਾਰਦਵਾਜ ਜੀ ਦਾ ਆਪਣੀ ਕਲੱਬ ਵੱਲੋ ਉਨ੍ਹਾਂ ਦੇ ਭਰਪੂਰ ਸਹਿਜੋਗ ਲਈ ਧੰਨਵਾਦ ਕੀਤਾ। ਤਰਸੇਮ ਲਾਲ ਨੇ ਦੱਸਿਆ ਕਿ ਸਾਡੀ ਕਲੱਬ ਦੀ ਕੋਸ਼ਿਸ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਖੇਡਾਂ ਵਾਲੇ ਪਾਸੇ ਲੱਗ ਕੇ ਨਸ਼ਿਆਂ ਤੋਂ ਦੂਰ ਰਹਿ ਸਕਦੀ ਅਤੇ ਆਪਣੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਸਕਦੀ ਹੈ। ਇਸ ਮੌਕੇ ਸਮੂਹ ਪ੍ਰਬੰਧਕਾਂ ਤੇ, ਰੋਜ਼ਾਨਾ ਸਵੇਰੇ ਫੁੱਟਬਾਲ ਕਲੱਬ ਦੇ ਨਵੇਂ ਤੇ ਪੁਰਾਣੇ ਸਮੂਹ ਖਿਡਾਰੀਆਂ ਵਲੋ ਸੰਪੂਰਨ ਸਹਿਜੋਗ ਦਿੱਤਾ ਗਿਆ ,

# ਡਾ:ਭਾਨੂ ਪ੍ਰਤਾਪ ਅਚੀਵਰ ਐਵਾਰਡ ਨਾਲ ਸਨਮਾਨਿਤ



**ਮੋਹਾਲੀ/ਲੋਕ ਬਾਣੀ**

ਡਾ: ਭਾਨੂ ਪ੍ਰਤਾਪ ਸਿੰਘ ਸਲੂਜਾ, ਡਾਇਰੈਕਟਰ, ਆਰਥੋਪੈਡਿਕ ਅਤੇ ਜੁਆਇੰਟ ਰਿਪਲੇਸਮੈਂਟ, ਆਈ.ਵੀ.ਵਾਈ ਹਸਪਤਾਲ, ਮੋਹਾਲੀ ਨੂੰ ਪੀ.ਟੀ.ਸੀ. ਅਚੀਵਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਡਾ: ਭਾਨੂ ਨੂੰ ਆਰਥੋ ਖੇਤਰ ਵਿੱਚ ਉੱਤਮਤਾ ਅਤੇ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਨੇ ਇੱਥੇ ਇੱਕ ਸਮਾਗਮ ਦੌਰਾਨ ਡਾਕਟਰ ਭਾਨੂ ਨੂੰ ਇਹ ਪੁਰਸਕਾਰ ਦਿੱਤਾ। ਡਾ. ਭਾਨੂ, ਜੋ ਪਹਿਲਾਂ ਆਸਟਰੇਲੀਆ, ਜਰਮਨੀ, ਇੰਗਲੈਂਡ, ਸਕਾਟਲੈਂਡ ਵਿੱਚ ਵੀ ਕੰਮ ਕਰ ਚੁੱਕੇ ਹਨ, ਗੋਡੇ ਬਦਲਣ ਦੀ ਸਰਜਰੀ ਦੀ ਨਵੀਂ ’ਟਰੂ ਮੋਸ਼ਨ ਤਕਨੀਕ’ ਵਿੱਚ ਮਾਹਿਰ ਹਨ।

# ਹਲਕਾ ਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ - ਵਿਧਾਇਕ ਰਜਿੰਦਰ ਪਾਲ ਕੌਰ ਛੀਨਾ

## ਵਾਰਡ ਨੰਬਰ 22, 29 ਤੇ 36 'ਚ ਉਸਾਰੀ ਅਧੀਨ ਕਲੀਨਿਕਾਂ ਦੀ ਕੀਤੀ ਸਮੀਖਿਆ



**ਲੁਧਿਆਣਾ/ਸ਼ੰਮੀ ਕੁਮਾਰ**

ਪੰਜਾਬ ਸਰਕਾਰ ਵਲੋ ਆਮ ਲੋਕਾਂ ਦੀ ਸਿਹਤ ਸਹੂਲਤ ਸਬੰਧੀ ਮੁਹੱਲਾ ਕਲੀਨਿਕ (ਆਮ ਆਦਮੀ ਕਲੀਨਿਕ) ਖੋਲੇ ਜਾ ਰਹੇ ਹਨ, ਜਿਸਦੇ ਤਹਿਤ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰ ਪਾਲ ਕੌਰ ਛੀਨਾ ਵਲੋਂ ਤਿਆਰ ਕਰਵਾਏ ਜਾ ਰਹੇ ਮੁਹੱਲਾ ਕਲੀਨਿਕਾਂ ਦੀ ਸਮੀਖਿਆ ਕੀਤੀ ਗਈ।

ਵਿਧਾਇਕ ਛੀਨਾ ਵਲੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਉਣ ਲਈ ਚੋਣ ਗਾਰੰਟੀ ਨੂੰ ਪੂਰਾ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਲੋਂ ਸੂਬੇ ਭਰ ਵਿੱਚ 500 ਤੋਂ ਵੱਧ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਸ਼ਹਿਰ ਵਿੱਚ ਹੋਰ ਮੁਹੱਲਾ ਕਲੀਨਿਕ ਵੀ ਖੋਲੇ ਜਾ ਰਹੇ ਹਨ ਜਿਸ ਲਈ ਉਨ੍ਹਾਂ ਹਲਕਾ ਲੁਧਿਆਣਾ ਦੱਖਣੀ ਅਧੀਨ ਵਾਰਡ ਨੰਬਰ 22, 29 ਅਤੇ 36 ਵਿਖੇ ਉਸਾਰੀ ਅਧੀਨ ਮੁਹੱਲਾ ਕਲੀਨਿਕਾਂ ਦੀ ਸਮੀਖਿਆ ਕੀਤੀ ਜੋ ਜਲਦ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸਦਾ ਲਾਭ ਮਿਲ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗੁਵਾਈ ਵਾਲੀ ਆਮ ਆਦਮ ਪਾਰਟੀ ਦੀ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਮੁਹੱਲਾ ਕਲੀਨਿਕ ਵੀ ਸ਼ਾਮਲ ਹਨ।

ਉਨ੍ਹਾ ਕਿਹਾ ਕਿ ਇਨ੍ਹਾਂ ਕਲੀਨਿਕਾਂ ਦੇ ਸ਼ੁਰੂ ਹੋ ਜਾਣ ਦੇ ਨਾਲ ਆਮ ਲੋਕਾਂ ਨੂੰ ਛੋਟੇ ਇਲਾਜ਼ਾਂ ਦੇ ਲਈ ਦੂਰ ਦੁਰਾਡੇ ਹਸਪਤਾਲਾਂ ਵਿਚ ਨਹੀਂ ਜਾਣਾ ਪਵੇਗਾ ਅਤੇ ਉਨ੍ਹਾਂ ਦਾ ਇਲਾਜ਼ ਨੇੜੇ ਬਣੇ ਮੁਹੱਲਾ ਕਲੀਨਿਕਾਂ ਦੇ ਵਿੱਚ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਲਈ ਸਿਹਤ ਸਹੂਲਤਾਂ ਵਿਚ ਵਾਧਾ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜ਼ੀਹ ਹੈ।

# ਰਾਮ ਨੌਂਵੀ ਦੇ ਮੌਕੇ ਤੇ ਲੰਗਰ ਸੇਵਾ ਕਰਨੀ ਆਪਸੀ ਭਾਈਚਾਰਿਕ ਸਾਂਝ ਦਾ ਸੰਦੇਸ਼ : ਅਸ਼ੋਕ ਕਟਾਰੀਆ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਹਿੰਦੂ ਸਿੱਖ ਤਿਉਹਾਰਾਂ ਤੇ ਬਲਾਚੌਰ ਹਲਕੇ ਅੰਦਰ ਆਪਸੀ ਤਾਲਮੇਲ ਨਾਲ ਜਨਤਾ ਲਈ ਲੰਗਰ ਦੀ ਸੇਵਾ ਦਾ ਪ੍ਰਬੰਧ ਕਰਨਾ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੀਆਂ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਭੱਦੀ ਰੋਡ ਬਲਾਚੌਰ ਰਾਮਾ ਧੀਮਾਨ ਮਾਰਕੀਟ ਅੱਗੇ ਰਾਮ ਨੌਂਵੀਂ ਦੇ ਪਵਿੱਤਰ ਤਿਉਹਾਰ ਤੇ ਲੰਗਰ ਦੀ ਸੇਵਾ ਵਿੱਚ ਸ਼ਮੂਲੀਅਤ ਕਰਦੇ ਹੋਏ ਕੀਤਾ ।ਜਿਕਰਯੋਗ ਹੈ ਕਿ ਇਹ ਲੰਗਰ ਦੀ ਸੇਵਾ ਭੱਦੀ ਰੋਡ ਦੇ ਸਮੂਹ ਦੁਕਾਨਦਾਰਾਂ ਦੇ ਸਹਿਯੋਗ ਨਾਲ ਕੀਤੀ ਗਈ। ਇਸ ਮੌਕੇ ਕਰਨਵੀਰ ਕਟਾਰੀਆ ਯੂਥ ਆਗੂ, ਚੰਦਰ ਮੋਹਨ ਜੇਡੀ ਹਲਕਾ ਤੇ ਜਿਲ੍ਹਾ ਮੀਡੀਆ ਇੰਚਾਰਜ ਆਪ, ਹਨੀ ਡੱਬ ਸ਼ਹਿਰੀ ਪ੍ਰਧਾਨ ਬਲਾਚੌਰ,ਸ਼ਾਲੂ ਸੋਨੀ ਪ੍ਰਧਾਨ ਵਪਾਰ ਵਿੰਗ, ਪ੍ਰਦੀਪ ਰਾਮਾ ਧੀਮਾਨ ਸੀਨੀਅਰ ਆਗੂ, ਰਾਮ ਪਾਲ ਮੈਹਸ਼ੀ, ਪ੍ਰਵੀਨ ਪੱਪਾ ਪੁਰੀ, ਕੁਲਦੀਪ ਸਿੰਘ, ਜੌਲੀ ਬੈਂਸ ਵਿਸ਼ਾਲ ਸੋਨੀ, ਵਿੱਕੀ ਧੀਮਾਨ ਆਦਿ ਦੁਕਾਨਦਾਰ ਹਾਜਰ ਸਨ।

# ਭਗਵਾਨ ਮਹਾਂਵੀਰ ਜਯੰਤੀ ਦੇ ਅਵਸਰ 'ਤੇ 4 ਅਪ੍ਰੈਲ ਨੂੰ ਜ਼ਿਲ੍ਹੇ ਦੀ ਹਦੂਦ 'ਚ ਬੁੱਚੜਖਾਨੇ, ਆਂਡੇ ਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ 4 ਅਪਰੈਲ, 2023 ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਬੁੱਚੜਖਾਨੇ, ਆਂਡੇ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ ।ਜ਼ਿਲ੍ਹਾ ਮੈਜਿਸਟ ?ਰੇਟ ਵੱਲੋਂ ਇਹ ਹੁਕਮ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਭਗਵਾਨ ਮਹਾਂਵੀਰ ਜੈਅੰਤੀ ਦੇ ਤਿਉਹਾਰ ਦੇ ਮੱਦੇਨਜ਼ਰ ਜਾਰੀ ਕੀਤੇ ਗਏ ਹਨ। ਇਸ ਹੁਕਮ ਨੂੰ ਲਾਗੂ ਕਰਵਾਉਣ ਲਈ ਜ਼ਿਲ੍ਹਾ ਪੁਲਿਸ ਅਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਜ਼ਿੰਮੇਵਾਰ ਹੋਣਗੇ।

# ਰਾਮ ਕਥਾ ਸੁਣਨ ਨਾਲ ਸਾਰੇ ਸੰਦੇਹ ਦੂਰ ਹੋ ਜਾਂਦੇ ਹਨ : ਸੰਤ ਰਮੇਸ਼ ਆਚਾਰੀਆ ਸ਼ੁਕਲਾ











**ਚੰਡੀਗੜ੍ਹ/ਵਿਨੋਦ ਸ਼ਰਮਾ**

ਗੁੱਗਾ ਮਾੜੀ ਹਨੂੰਮਾਨ ਮੰਦਰ ਸੈਕਟਰ 20 ਚੰਡੀਗੜ੍ਹ ਵਿਖੇ ਚੱਲ ਰਹੀ ਰਾਮ ਕਥਾ ਦੀ ਸਮਾਪਤੀ ਮੌਕੇ ਲਖਨਊ ਤੋਂ ਆਏ ਸੰਤ ਰਮੇਸ਼ ਆਚਾਰੀਆ ਸ਼ੁਕਲਾ ਨੇ ਕਿਹਾ ਕਿ ਰਾਮ ਕਥਾ ਸੁਣਨ ਦੇ ਤਿੰਨ ਫਲ ਹੋਣੇ ਚਾਹੀਦੇ ਹਨ। ਰਾਮ ਕਥਾ ਸੁਣਨ ਨਾਲ ਸਾਰੇ ਸੰਦੇਹ ਦੂਰ ਹੋ ਜਾਂਦੇ ਹਨ। ਰਾਮ ਦੀ ਭਗਤੀ ਤੋਂ ਵੱਡੀ ਦੁਨੀਆ ਵਿੱਚ ਕੋਈ ਪ੍ਰਾਪਤੀ ਨਹੀਂ ਹੈ। ਰਾਮ ਕਥਾ ਸੁਣਨ ਨਾਲ ਅੰਤਮ ਆਰਾਮ ਮਿਲਦਾ ਹੈ। ਇਹ ਜੀਵਨ ਦੀ ਗਰਮੀ ਨੂੰ ਸ਼ਾਂਤ ਕਰਦਾ ਹੈ ।ਰਾਮ ਦਾ ਅਰਥ ਹੈ ਖੁਸ਼ੀ ਅਤੇ ਸੀਤਾ ਦਾ ਅਰਥ ਹੈ ਸ਼ਾਂਤੀ। ਰਾਮ ਰਾਜ ਦੀ ਕਥਾ ਸੁਣਾ ਕੇ ਅਰਾਮ ਕੀਤਾ ਗਿਆ। ਸਾਡੇ ਜੀਵਨ ਵਿੱਚ ਖੁਸ਼ੀ ਅਤੇ ਸ਼ਾਂਤੀ ਸਥਾਪਿਤ ਹੋਣੀ ਚਾਹੀਦੀ ਹੈ, ਇਹ ਰਾਮਰਾਜ ਹੈ। ਗੋਸਵਾਮੀ ਦੀ ਸਮੁੱਚੀ ਰਾਮਕਥਾ ਦਾ ਸਾਰ ਕਲਯੁਗ ਵਿੱਚ ਯੋਗ ਯੱਗ ਦੇ ਗਿਆਨ ਦਾ ਅੱਧਾ ਵੀ ਨਹੀਂ ਹੋ ਸਕਦਾ, ਇਸ ਲਈ ਜੇਕਰ ਤੁਸੀਂ ਆਪਣਾ ਭਲਾ ਕਰਨਾ ਚਾਹੁੰਦੇ ਹੋ ਤਾਂ ਰਾਮ ਦਾ ਨਾਮ ਯਾਦ ਕਰੋ। ਰਾਮ ਦਾ ਨਾਮ ਗਾਓ। ਸਮਾਂ ਜਾਂ ਮੌਕਾ ਮਿਲਣ 'ਤੇ ਰਾਮ ਕਥਾ ਸੁਣੋ, ਤਾਂ ਜ਼ਰੂਰ ਠੀਕ ਹੋ ਜਾਵੋਗੇ। ਇਸ ਮੌਕੇ 108 ਲੜਕੀਆਂ ਦੀ ਪੂਜਾ ਕੀਤੀ ਗਈ। ਪੰਡਿਤ ਕਿਸ਼ੋਰੀ ਲਾਲ ਬਡੋਨੀ ਦੀ ਪ੍ਰਧਾਨਗੀ ਹੇਠ ਸ੍ਰੀ ਜਿੰਦ ਬਾਬਾ ਸੰਸਕ੍ਰਿਤ ਮਹਾਵਿਦਿਆਲਿਆ ਦੇ 14 ਬ੍ਰਹਮਚਾਰੀਆਂ ਨੂੰ ਪਵਿੱਤਰ ਧਾਗਾ ਪਹਿਨਾ ਕੇ ਗੁਰੂ ਮੰਤਰ ਸੁਣਾਇਆ ਗਿਆ, ਪ੍ਰੋਗਰਾਮ ਦੌਰਾਨ ਚੰਡੀਗੜ੍ਹ, ਪੰਚਕੂਲਾ ਅਤੇ ਮੁਹਾਲੀ ਤੋਂ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਜ਼ਿਲ੍ਹੇ ਵਿੱਚ ਕੰਬਾਈਨਾਂ ਨਾਲ ਵਾਢੀ 'ਤੇ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਪਾਬੰਦੀ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਰਬੀ ਖਰੀਦ ਸੀਜ਼ਨ 2022-24 ਦੀ ਪਹਿਲੀ ਅਪਰੈਲ ਤੋਂ ਹੋ ਰਹੀ ਸ਼ੁਰੂਆਤ ਦੇ ਮੱਦੇਨਜ਼ਰ ਕੰਬਾਈਨਾਂ ਨਾਲ ਵਾਢੀ 'ਤੇ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਫੌਜਦਾਰੀ ਜ਼ਾਬਤਾ ਦੀ ਧਾਰਾ 144 ਤਹਿਤ ਪਾਬੰਦੀ ਲਗਾ ਦਿੱਤੀ ਹੈ ਉਨ੍ਹਾਂ ਕਿਹਾ ਕਿ ਸੂਰਜ ਚਹੜਨ ਤੋਂ ਪਹਿਲਾਂ ਅਤੇ ਸੂਰਜ ਢਲਣ ਤੋਂ ਬਾਅਦ ਕੰਬਾਈਨ ਨਾਲ ਅਣ-ਪੱਕੀ ਤੇ ਨਮੀ ਵਾਲੀ ਕਣਕ ਦੀ ਕਟਾਈ ਹੋਣ ਦੀ ਸੰਭਾਵਨਾ ਹੈ, ਜਿਸ ਨੂੰ ਕਿ ਮੰਡੀਆਂ ਵਿੱਚ ਆਉਣ 'ਤੇ ਸਰਕਾਰ ਵੱਲੋਂ ਮਿੱਥੇ 12 ਫ਼ੀਸਦੀ ਨਮੀ ਦੇ ਮਿਆਰਾਂ ਮੁਤਾਬਕ ਨਾ ਹੋਣ ਕਾਰਨ ਏਜੰਸੀਆਂ ਖਰੀਦਣ ਤੋਂ ਗੁਰੇਜ਼ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਣ-ਪੱਕੀ ਤੇ ਨਮੀ ਵਾਲੀ ਕਣਕ ਦੀ ਉਕਤ ਸਮੇਂ ਵਿੱਚ ਕਟਾਈ ਹੋਣ ਕਾਰਨ ਗੁਣਵੱਤਾ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਲਈ ਜ਼ਿਲ੍ਹੇ ਵਿੱਚ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਕੰਬਾਈਨ ਨਾਲ ਕਣਕ ਦੀ ਕਟਾਈ 'ਤੇ ਰੋਕ ਦੇ ਇਹ ਹੁਕਮ ਪਹਿਲੀ ਅਪਰੈਲ ਤੋਂ 31 ਮਈ 2023 ਤੱਕ ਲਾਗੂ ਰਹਿਣਗੇ।

## ਨਸ਼ਾ ਮੁਕਤ ਭਾਰਤ ਨੂੰ ਹਕੀਕਤ ਦਾ ਰੂਪ ਦੇਣ ਲਈ ਅਮਿਤ ਸ਼ਾਹ ਦਾ ਪੱਕਾ ਇਰਾਦਾ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਨਸ਼ਾ ਮੁਕਤ ਭਾਰਤ' ਦੇ ਸੁਪਨੇ ਨੂੰ 'ਅੰਮਿ ?ਤ ਕਾਲ' ਦੇ ਸਮਾਂ ਸੀਮਾਂ ਦੇ ਅੰਦਰ ਸੱਚ ਕਰਨ ਦੀ ਦਿਸ਼ਾ 'ਚ ਕੇਂਦਰੀ ਗ੍ਰਹਿ ਅਤੇ ਸਹਿਕਾਰਿਤਾ ਮੰਤਰੀ ਅਮਿਤ ਸ਼ਾਹ ਦੇਸ਼ ਭਰ ਦੀਆਂ ਵਿਭਿੰਨ ਸਰਕਾਰੀ ਏਜੰਸੀਆਂ ਦੇ ਵਿਚਕਾਰ ਤਾਲਮੇਲ 'ਚ ਸੁਧਾਰ ਤੋਂ ਲੈ ਕੇ ਸਮੰਦੁਰੀ ਤੱਟ 'ਤੇ ਚੌਂਕਸੀ ਵਧਾਉਣ ਅਤੇ ਅਫੀਮ ਅਤੇ ਭੰਗ ਦੀ ਗੈਰ ਕਾਨੂੰਨੀ ਖੇਤੀ ਨੂੰ ਨਸ਼ਟ ਕਰਨ ਤੱਕ ਦੇ ਉਪਾਅ ਪੂਰੀ ਤਿਆਰੀ ਦੇ ਨਾਲ ਡਟੇ ਹੋਏ ਹਨ ।ਸੰਸਥਾਗਤ ਢਾਂਚੇ ਨੂੰ ਮਜਬੂਤ ਕਰਨ, ਨਾਰਕੋ ਏਜੰਸੀਆਂ ਦੇ ਨਾਲ ਤਾਲਮੇਲ ਸੁਨਿਸ਼ਚਿਤ ਕਰਨ ਅਤੇ ਆਮ ਲੋਕਾਂ ਨੂੰ ਸੰਵੇਦਨਸ਼ੀਲ ਬਣਾਉਣ ਦੇ ਲਈ ਵੱਡੇ ਪੱਧਰ 'ਤੇ ਜਾਗਰੁਕਤਾ ਅਭਿਆਨ ਜਿਹੇ ਪ੍ਰਮੁੱਖ ਉਪਾਆਂ ਦੇ ਨੀਤਜੇ ਸਾਹਮਣੇ ਆ ਰਹੇ ਹਨ, ਸਾਲ 2014-2022 ਦੇ ਸਮੇਂ ਦੌਰਾਨ ਕੁੱਲ ਜਬਤ ਕੀਤੀਆਂ ਗਈਆਂ ਨਸ਼ੀਲੀਆਂ ਦਵਾਈਆਂ ਦੀ ਕੀਮਤ ਵਧ ਕੇ 22,000 ਕਰੋੜ ਰੁਪਏ ਹੋ ਗਈ, ਜਿਹੜੀ ਯੂਪੀਏ ਸਾਸ਼ਨ ਦੇ ਪਿਛਲੇ ਅੱਠ ਸਾਲਾਂ (2006-2013) ਦੇ ਦੌਰਾਨ ਜਬਤ ਕੀਤੀਆਂ ਗਈਆਂ ਨਸ਼ੀਲੀਆਂ ਦਵਾਈਆਂ ਦੀ ਕੀਮਤ ਤੋਂ 30 ਗੁਣਾਂ ਜਿਆਦਾ ਹੈ ।ਅਧਿਕਾਰਕ ਆਂਕੜਿਆਂ ਦੇ ਅਨੁਸਾਰ ਸਾਲ 2014-2022 ਦੇ ਸਮੇਂ ਦੇ ਦੌਰਾਨ ਨਸ਼ੇ ਦੇ ਕਾਰੋਬਾਰ 'ਚ ਸ਼ਾਮਲ ਲੋਕਾਂ ਦੇ ਖਿਲਾਫ ਕੁੱਲ 3,544 ਮਾਮਲੇ ਦਰਜ ਕੀਤੇ ਗਏ ਹਨ, ਜਿਹੜੇ ਸਾਲ 2006-2013 ਦੇ ਸਮੇਂ ਦੇ ਦੌਰਾਨ ਦਰਜ ਕੀਤੀ ਗਈ ਗਿਣਤੀ ਨਾਲੋਂ ਲਗਭਗ ਦੁੱਗਣੇ ਹਨ। ਇਸਦੇ ਇਲਾਵਾ, ਸਾਲ 2006 'ਚ ਸ਼ੁਰੂ ਹੋਏ ਯੂਪੀਏ ਸਾਸ਼ਨ ਦੇ ਅੱਠ ਸਾਲਾਂ ਦੀ ਤੁਲਨਾਂ 'ਚ ਗਿਰਫਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ ਤਿੰਨ ਗੁਣਾਂ ਹੋ ਗਈ ਹੈ, 3.73 ਲੱਖ ਕਿਲੋਗ੍ਰਾਮ ਜਬਤ ਕੀਤੀਆਂ ਗਈਆਂ ਨਸ਼ੀਲੀਆਂ ਦਵਾਈਆਂ ਦੀ ਮਾਤਰਾ ਦੁੱਗਣੀ ਨਾਲੋਂ ਵੀ ਜਿਆਦਾ ਹੈ ।ਸ਼ਾਹ ਦਾ ਮੰਨਣਾ ਹੈ ਕਿ ਜੇਕਰ ਨਸ਼ੀਲੀਆਂ ਦਵਾਈਆਂ ਦੀ ਗਲਤ ਵਰਤੋਂ ਨੂੰ ਖਤਮ ਨਹੀਂ ਕੀਤਾ ਗਿਆ ਤਾਂ ਇਹ ਦੇਸ਼ ਦੇ ਨੌਜਵਾਨਾਂ ਨੂੰ ਸਮਾਜ 'ਤੇ ਗਲਤ ਭਾਰ ਬਣਾ ਦੇਵੇਗਾ, ਇਸ ਗੱਲ ਦੇ ਪੱਕੇ ਸਬੂਤ ਹਨ ਕਿ ਨਸ਼ੇ ਦੇ ਕਾਰੋਬਾਰ ਨਾਲ ਹੋਈ ਕਮਾਈ ਅੱਤਵਾਦ ਦੇ ਲਈ ਵਿੱਤ ਪੋਸ਼ਣ ਦਾ ਕੰਮ ਕਰਦੀ ਹੈ। ਇਸ ਅੰਦਾਜੇ ਦੇ ਅਧਾਰ 'ਤੇ ਕਿ ਭਾਰਤ 'ਚ ਤਸਕਰੀ ਕੀਤੀ ਜਾਣ ਵਾਲੀ 60-70 ਪ੍ਰਤੀਸ਼ਤ ਨਸ਼ੀਲੇ ਪਦਾਰਥ ਮੁੱਖ ਰੂਪ ਨਾਲ ਸਮੁੰਦਰੀ ਰਸਤੇ ਤੋਂ ਆਪਣਾ ਰਸਤਾ ਤਲਾਸ਼ਦੇ ਹਨ, ਸ਼ਾਹ ਨੇ ਸਮੁੰਦਰੀ ਰਸਤੇ ਤੋਂ ਹੋਣ ਵਾਲੀਆਂ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਨੂੰ ਰੋਕਣ ਦੇ ਲਈ ਇੱਕ ਖਾਸ ਅਭਿਆਨ ਸ਼ੁਰੂ ਕੀਤਾ ਜਿਸਦੇ ਜਬਰਦਸਤ ਨਤੀਜੇ ਮਿਲ ਰਹੇ ਹਨ ।ਸ਼ਾਹ ਦੇ ਮਾਰਗਦਰਸ਼ਨ 'ਚ ਗ੍ਰਹਿ ਮੰਤਰਾਲੇ ਨੇ ਸਾਰੇ ਸ਼ੱਕੀ ਕੰਟੇਨਰਾਂ ਨੂੰ ਸਕੈਨ ਕਰਨਾ ਜਰੂਰੀ ਕਰ ਦਿੱਤਾ ਹੈ ਅਤੇ ਪਤਨ, ਪੋਤ ਟਰਾਂਸਪੋਰਟੇਸ਼ਨ ਅਤੇ ਜਲਮਾਰਗ ਮੰਤਰਾਲੇ ਨੂੰ ਇਹ ਸੁਨਿਸ਼ਚਿਤ ਕਰਨ ਦੇ ਲਈ ਜਰੂਰੀ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਹੈ ਕਿ ਕਦੇ ਕੋਈ ਕਮੀ ਨਾ ਆਵੇ, ਕੰਟੇਨਰ ਸਕੈਨਰ ਅਤੇ ਸਬੰਧਿਤ ਉਪਕਰਣਾਂ ਦੇ ਪ੍ਰਬੰਧਨ ਨੂੰ ਵੀ ਇਸੇ ਮੁੱਦੇ 'ਤੇ ਮੰਤਰਾਲੇ ਦੇ ਜੀਰੋ-ਸਹਿਣਸ਼ੀਲਤਾ ਨਜਰੀਏ ਦੀ ਯਾਦ ਦਵਾਈ ਗਈ ਹੈ ।ਨਾਲ ਹੀ, ਸ਼ਾਹ ਨੇ ਇਹ ਵੀ ਸੁਨਿਸ਼ਚਿਤ ਕੀਤਾ ਹੈ ਕਿ ਸਾਰੇ ਸ਼ੱਕੀ ਵਿੱਤੀ ਦਸਤਾਵੇਜਾਂ ਦਾ ਵਿਅਕਤੀਗਤ ਰੂਪ ਨਾਲ ਵਿਸ਼ਲੇਸ਼ਣ ਅਤੇ ਜਾਂਚ ਕੀਤੀ ਜਾਵੇ ਅਤੇ ਨਸ਼ੇ ਦੀ ਕਮਾਈ ਨਾਲ ਬਣਾਈ ਗਈ ਸੰਪੱਤੀ ਨੂੰ ਜਬਤ ਕੀਤਾ ਜਾਵੇ, ਸਾਲ 2022 'ਚ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੇ ਅਜਿਹੇ 27 ਮਾਮਲਿਆਂ 'ਚ ਵਿੱਤੀ ਜਾਂਚ ਕੀਤੀ, ਜਿਨ੍ਹਾਂ 'ਚ 16 ਕਰੋੜ ਰੁਪਏ ਦੀ ਸੰਪੱਤੀ ਜਬਤ ਕੀਤੀ ਗਈ ਸੀ । ਸਮੁੰਦਰੀ ਰਸਤੇ ਦੇ ਮਾਧਿਅਮ ਨਾਲ ਅੰਤਰਰਾਸ਼ਟਰੀ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਦੇ ਮੁੱਦੇ ਬਾਰੇ ਹੋਰ ਦੇਸ਼ਾਂ ਵੱਲੋਂ ਅਪਣਾਈਆਂ ਜਾ ਰਹੀਆਂ ਟਾਪ ਪੱਧਤੀਆਂ ਦਾ ਅਧਿਅਨ ਕਰਨ ਦੇ ਲਈ ਇੱਕ ਇੰਟਰ-ਮੰਤਰਾਲਾ ਕਮੇਟੀ ਵੀ ਬਣਾਈ ਗਈ ਹੈ, ਅੰਤਰਰਾਸ਼ਟਰੀ ਡਰੱਗ ਮਾਫੀਆ ਨੂੰ ਕੰਟਰੋਲ ਕਰਨ ਦੇ ਮਕਸਦ ਨਾਲ, ਸ਼ਾਹ ਨੇ ਡਰੱਗ ਇਨਫੋਰਸਮੈਂਟ ਐਡਮਿਨਿਸਟ ?ਰੇਸ਼ਨ (ਡੀਈਏ), ਆਸਟ ?ਰੇਲੀਆਈ ਫੈਡਰਲ ਪੁਲਿਸ (ਏਐਫਪੀ) ਅਤੇ ਰਾਯਲ ਕਨੇਡੀਅਨ ਮਾਊਂਟੇਨ ਪੁਲਿਸ (ਆਰਸੀਐਮਪੀ) ਜਿਹੀਆਂ ਅੰਤਰਰਾਸ਼ਟਰੀ ਏਜੰਸੀਆਂ ਦੇ ਨਾਲ ਤਾਲਮੇਲ ਸੁਨਿਸ਼ਚਿਤ ਕੀਤਾ ਹੈ, ਹਾਲਾਂਕਿ ਇਸ ਤਰ੍ਹਾਂ ਦੇ ਤਾਲਮੇਲ ਦੇ ਨਤੀਜੇ ਸਾਹਮਣੇ ਆ ਰਹੇ ਹਨ, 44 ਦੇਸ਼ਾਂ ਦੇ ਨਾਲ ਦੋ ਪੱਖੀ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਹਨ। ਗੈਰ ਕਾਨੂੰਨੀ ਡਰੱਕਸ ਦੀ ਘਰੇਲੂ ਖੇਤੀ ਨੂੰ ਰੋਕਣ ਦੇ ਮਕਸਦ ਨਾਲ, ਐਨਸੀਬੀ ਨੇ ਪਿਛਲੇ ਤਿੰਨ ਸਾਲਾਂ 'ਚ ਲਗਭਗ 36,000 ਏਕੜ ਅਫੀਮ ਦੀ ਖੇਤੀ ਅਤੇ 82,769 ਏਕੜ 'ਚ ਭੰਗ ਦੀ ਖੇਤੀ ਨੂੰ ਨਸ਼ਟ ਕਰ ਦਿੱਤਾ ਹੈ, ਦੂਰ ਦੁਰਾਡੇ ਦੇ ਪਹਾੜੀ ਖੇਤਰਾਂ 'ਚ ਗੈਰ ਕਾਨੂੰਨੀ ਫਸਲਾਂ ਦੀ ਖੇਤੀ ਦਾ ਪਤਾ ਲਗਾਉਣ ਅਤੇ ਉਸਨੂੰ ਨਸ਼ਟ ਕਰਨ ਦੇ ਲਈ ਡ ?ਰੋਨ ਦੀ ਵਰਤੋਂ ਕੀਤੀ ਜਾ ਰਹੀ ਹੈ।

# ਰਾਜ ਘੱਟ ਗਿਣਤੀ ਕਮਿਸ਼ਨਾਂ ਦੀ ਸਲਾਨਾ ਕਾਨਫ਼ਰੰਸ 2023

## ਭਾਰਤ ਘੱਟ ਗਿਣਤੀਆਂ ਲਈ ਸਭ ਤੋਂ ਵੱਧ ਸੁਰੱਖਿਅਤ ਦੇਸ਼ : ਇਕਬਾਲ ਸਿੰਘ ਲਾਲਪੁਰਾ









**ਨਵੀਂ ਦਿੱਲੀ/ਕਪੂਰ**

ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਘੱਟ ਗਿਣਤੀਆਂ ਦੀ ਆਬਾਦੀ ਵਿੱਚ ਪੰਜ ਫ਼ੀਸਦੀ ਦਾ ਵਾਧਾ ਹੋਣਾ ਇਹ ਦਰਸਾਉਂਦਾ ਹੈ ਕਿ ਦੇਸ਼ ਨੇ ਅਜਿਹੇ ਭਾਈਚਾਰਿਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਉਹ ਨਵੀਂ ਦਿੱਲੀ ਦੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ ਆਯੋਜਿਤ ਰਾਜ ਘੱਟ ਗਿਣਤੀ ਕਮਿਸ਼ਨਾਂ ਦੀ ਸਲਾਨਾ ਕਾਨਫ਼ਰੰਸ ਨੂੰ ਸੰਬੋਧਨ ਕਰ ਰਹੇ ਸਨ।

6 ਸਾਲ ਬਾਅਦ ਹੋਈ ਕਾਨਫ਼ਰੰਸ ਨੇ ਰਾਜਾਂ ਦੀਆਂ ਘੱਟ ਗਿਣਤੀਆਂ ਨੂੰ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਜਿੱਠਣ ਅਤੇ ਘੱਟ ਗਿਣਤੀਆਂ ਦੀ ਭਲਾਈ ਅਤੇ ਸਮਾਜਿਕ-ਆਰਥਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਉਪਾਵਾਂ ਬਾਰੇ ਚਰਚਾ ਕਰਨ ਲਈ ਰਾਜ ਘੱਟ ਗਿਣਤੀ ਕਮਿਸ਼ਨਾਂ ਨੂੰ ਇੱਕ ਪਲੇਟਫ਼ਾਰਮ ਪ੍ਰਦਾਨ ਕੀਤਾ। ਜਿਸ ਵਿਚ ਕਮਿਸ਼ਨ ਦੇ ਉਪ ਚੇਅਰਮੈਨ ਸ਼੍ਰੀ ਕੇ.ਕੇ. ਦੇਬੂ ਅਤੇ ਮੈਂਬਰ ਸ਼੍ਰੀ. ਧਨੀਆ ਕੁਮਾਰ ਜਿਨੱਪਾ ਗੁੰਡੇ, ਸ੍ਰੀਮਤੀ ਰਿੰਚੇਨ ਲਹਮੋ ਅਤੇ ਸ੍ਰੀਮਤੀ ਸਈਅਦ ਸ਼ਹਿਜ਼ਾਦੀ ਸਮੇਤ ਵੱਖ ਵੱਖ ਰਾਜਾਂ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਤੋਂ ਇਲਾਵਾ ਐਨਸੀਐਮ ਦੇ ਸਲਾਹਕਾਰਾਂ ਅਤੇ ਘੱਟ ਗਿਣਤੀਆਂ ਲਈ ਕੰਮ ਕਰਨ ਵਾਲੇ ਹੋਰ ਬਹੁਤ ਸਾਰੇ ਪ੍ਰਮੁੱਖ ਲੋਕਾਂ ਨੇ ਵੀ ਵੱਧ ਚੜ ਕੇ ਹਿੱਸਾ ਲਿਆ।

ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਅਨੁਸਾਰ ਕਾਨਫ਼ਰੰਸ ਦਾ ਉਦਘਾਟਨ ਕਰਦਿਆਂ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਸ਼੍ਰੀ. ਜੌਹਨ ਬਰਲਾ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਭਾਰਤ ਦੀਆਂ ਘੱਟ ਗਿਣਤੀਆਂ ਲਈ ਕੰਮ ਕਰਨ ਵਾਲੇ ਲੋਕਾਂ ਦੇ ਇਸ ਭਾਰੀ ਇਕੱਠ 'ਤੇ ਸੰਤੁਸ਼ਟੀ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਘੱਟ ਗਿਣਤੀਆਂ ਦੀ ਭਲਾਈ ਪ੍ਰਤੀ ਸਾਡੇ ਸੰਵਿਧਾਨ ਦੇ ਆਦੇਸ਼ ਨੂੰ ਪੂਰਾ ਕਰਨ ਲਈ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰਾਲਾ ਅਤੇ ਘੱਟ ਗਿਣਤੀਆਂ ਲਈ ਰਾਸ਼ਟਰੀ ਕਮਿਸ਼ਨ ਵਰਗੀਆਂ ਸੰਸਥਾਵਾਂ ਦਿਨ ਰਾਤ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕਾ ਵਿਸ਼ਵਾਸ ਦੇ ਵਿਜ਼ਨ ਨੂੰ ਪੂਰਾ ਕਰਨ ਵਿੱਚ ਘੱਟ ਗਿਣਤੀਆਂ ਦੀ ਅਹਿਮ ਭੂਮਿਕਾ ਹੈ ਅਤੇ ਰਾਸ਼ਟਰ ਦੇ ਵਿਕਾਸ ਲਈ ਇਨ੍ਹਾਂ ਯਤਨਾਂ ਨੂੰ ਹਰ ਹਾਲ ਵਿਚ ਜਾਰੀ ਰੱਖਿਆ ਜਾਵੇਗਾ।

ਕਾਨਫ਼ਰੰਸ ਦੀ ਸਫਲਤਾ ਤੋਂ ਗੱਦ ਗੱਦ ਹੋਏ ਕੌਮੀ ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਦੇਸ਼ ਦੇ ਵਿਕਾਸ ਏਜੰਡੇ ਲਈ ਬਿਨਾ ਕਿਸੇ ਫ਼ ?ਰਕੂ ਭੇਦਭਾਵ ਦੇ ਦ੍ਰਿੜ੍ਹ ਸੰਕਲਪ ਹੋਣ ਅਤੇ ਸਾਰੇ ਵਰਗਾਂ ਨੂੰ ਤਰੱਕੀ ਵਿਚ ਬਰਾਬਰ ਦੇ ਮੌਕਿਆਂ ਨੂੰ ਯਕੀਨੀ ਬਣਾਉਣ ਨਾਲ ਘੱਟ ਗਿਣਤੀਆਂ ਵਿਚ ਵਿਸ਼ਵਾਸ ਵਧਿਆ ਹੈ। ਘੱਟ ਗਿਣਤੀਆਂ ਨੇ ਹੁਣ ਤਕ ਨਿਆਂਪਾਲਿਕਾ, ਖੇਡਾਂ, ਸਿਹਤ ਸੰਭਾਲ ਆਦਿ ਸਮੇਤ ਹਰ ਖੇਤਰ ਅਤੇ ਪੇਸ਼ੇ ਵਿੱਚ ਬਹੁਤ ਯੋਗਦਾਨ ਪਾਇਆ ਹੈ। ਸ੍ਰੀ ਲਾਲਪੁਰਾ ਨੇ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕੀਤਾ ਕਿ ਪੰਜਾਬ, ਜਿਸ ਵਿਚ ਲਗਭਗ 57% ਸਿੱਖ ਆਬਾਦੀ ਹੈ, ਕਿਵੇਂ 'ਅਨੰਦ ਮੈਰਿਜ ਐਕਟ' ਪਾਸ ਕਰਨ ਵਿਚ ਅਸਫਲ ਰਿਹਾ। ਉਨ੍ਹਾਂ ਰਾਜ ਸਰਕਾਰਾਂ ਨੂੰ ਘੱਟ ਗਿਣਤੀਆਂ ਬਾਰੇ ਸੰਵੇਦਨਸ਼ੀਲ ਹੋਣ ਲਈ ਕਿਹਾ। ਸ੍ਰੀ ਲਾਲਪੁਰਾ ਨੇ ਅੱਗੇ ਕਿਹਾ ਕਿ ਭਾਰਤ ਦੇ 10 ਰਾਜਾਂ ਵਿੱਚ ਘੱਟ ਗਿਣਤੀ ਕਮਿਸ਼ਨ ਨਹੀਂ ਹਨ ਜਿਸ ਕਾਰਨ ਭਲਾਈ ਸਕੀਮਾਂ ਦਾ ਉਦੇਸ਼ ਅਸਫਲ ਹੋ ਰਿਹਾ ਹੈ। ਉਨ੍ਹਾਂ ਕਮਿਸ਼ਨ ਨੂੰ ਲੋਕ ਪੱਖੀ ਬਣਾਉਣ ਦੇ ਯਤਨਾਂ ਬਾਰੇ ਬੋਲਦਿਆਂ ਕਿਹਾ ਕਿ ਕਮਿਸ਼ਨ ਇੱਕ ਐਪਲੀਕੇਸ਼ਨ ਸ਼ੁਰੂ ਕਰਨ ਦੀ ਪ੍ਰਕਿਰਿਆ ਵਿੱਚ ਹੈ, ਜਿੱਥੇ ਲੋਕ ਆਪਣੀਆਂ ਸ਼ਿਕਾਇਤਾਂ ਸਾਂਝੀਆਂ ਕਰ ਸਕਣਗੇ। ਐਪ ਵਿੱਚ ਘੱਟ ਗਿਣਤੀਆਂ ਨਾਲ ਸਬੰਧਿਤ ਸਾਰੀਆਂ ਭਲਾਈ ਸਕੀਮਾਂ ਹੋਣਗੀਆਂ।

ਸ: ਲਾਲਪੁਰਾ ਨੇ ਭਾਰਤ ਵਿੱਚ ਘੱਟ ਗਿਣਤੀਆਂ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਪ੍ਰਸ਼ਾਸਨ ਦੀ ਭੂਮਿਕਾ ਬਾਰੇ ਚਰਚਾ ਕਰਦੇ ਹੋਏ ਕਥਿਤ ਤੌਰ 'ਤੇ ਗੈਰ ਕਾਨੂੰਨੀ ਧਰਮ ਪਰਿਵਰਤਨ, ਘੱਟ ਗਿਣਤੀਆਂ ਵਿਰੁੱਧ ਨਫ਼ਰਤ ਭਰੇ ਭਾਸ਼ਣ, ਹਿੰਸਾ ਦੀਆਂ ਘਟਨਾਵਾਂ, ਘੱਟ ਗਿਣਤੀਆਂ ਦੇ ਸਰਟੀਫਿਕੇਟ ਪ੍ਰਾਪਤ ਕਰਨ ਵਿੱਚ ਸਮੱਸਿਆ, ਸਕੀਮਾਂ ਪ੍ਰਤੀ ਜਾਗਰੂਕਤਾ ਦੀ ਘਾਟ ਵਰਗੇ ਮੁੱਦਿਆਂ ਦਾ ਜ਼ਿਕਰ ਕੀਤਾ। ਉਨ੍ਹਾਂ ਘੱਟ ਗਿਣਤੀਆਂ ਨਾਲ ਜੁੜੇ ਮਾਮਲਿਆਂ ਨਾਲ ਨਜਿੱਠਣ ਲਈ ਪੁਲਿਸ ਫੋਰਸ ਵਿੱਚ ਵਧੇਰੇ ਸੰਵੇਦਨਸ਼ੀਲਤਾ ਲਿਆਉਣ, ਵਿਭਿੰਨਤਾ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ, ਘੱਟ ਗਿਣਤੀ ਸਰਟੀਫਿਕੇਟ ਜਾਰੀ ਕਰਨ ਲਈ ਦੇਸ਼ ਭਰ ਵਿੱਚ ਇੱਕ ਸਮਾਨ ਪ੍ਰਣਾਲੀ ਦਾ ਨਿਰਮਾਣ, ਜਾਗਰੂਕਤਾ ਪੈਦਾ ਕਰਨ ਲਈ ਸਰਕਾਰੀ ਯੋਜਨਾਵਾਂ ਦਾ ਵਿਆਪਕ ਪ੍ਰਚਾਰ ਕਰਨਾ ਅਤੇ ਆਪਸ ਵਿੱਚ ਗੱਲਬਾਤ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ।

ਇਸ ਕਾਨਫ਼ਰੰਸ ਵਿੱਚ ਭਾਰਤ ਦੇ ਵਿਕਾਸ ਵਿੱਚ ਘੱਟ ਗਿਣਤੀਆਂ ਦੀ ਭੂਮਿਕਾ ਅਤੇ ਘੱਟ ਗਿਣਤੀ ਨਾਲ ਸਬੰਧਿਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਪ੍ਰਸ਼ਾਸਨ ਦੀ ਭੂਮਿਕਾ 'ਤੇ ਪਹਿਲੀ ਤਕਨੀਕੀ ਚਰਚਾ ਵਿਚ ਇੰਡੀਆ ਇਸਲਾਮਿਕ ਸੈਂਟਰ ਦੇ ਚੇਅਰਮੈਨ ਸ਼੍ਰੀ ਸਿਰਾਜੁਦੀਨ ਕੁਰੈਸ਼ੀ, ਮੌਲਾਨਾ ਆਜ਼ਾਦ ਫਾਊਂਡੇਸ਼ਨ ਫਾਰ ਐਜੂਕੇਸ਼ਨ ਐਂਡ ਸੋਸ਼ਲ ਏਮਿਟੀ ਦੀ ਸੰਸਥਾਪਕ ਸ਼੍ਰੀਮਤੀ ਹੁਸਨਾਰਾ ਸਲੀਮ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਪਰਜ਼ੋਰ ਫਾਊਂਡੇਸ਼ਨ ਦੇ ਡਾਇਰੈਕਟਰ ਡਾ.ਸ਼ਰਨਾਜ਼ ਕਾਮਾ, ਵਾਈਸ ਚੇਅਰਮੈਨ, ਐਨ.ਸੀ.ਐਮ., ਸ੍ਰੀ. ਕੇ.ਕੇ. ਦੇਬੂ ਨੇ ਵੀ ਸ਼ਿਰਕਤ ਕੀਤੀ ਅਤੇ ਜੈਨ ਮੈਂਬਰ ਸ੍ਰੀ. ਧਨੀਆ ਕੁਮਾਰ ਜਿਨੱਪਾ ਗੁੰਡੇ ਨੇ ਚਰਚਾ ਦਾ ਸੰਚਾਲਨ ਕੀਤਾ। ਭਾਰਤ ਦੀ ਪ੍ਰਗਤੀ ਵਿੱਚ ਘੱਟ ਗਿਣਤੀਆਂ ਦੀ ਭੂਮਿਕਾ ਬਾਰੇ ਚਰਚਾ ਕਰਦੇ ਹੋਏ, ਪੈਨਲ ਦੇ ਮੈਂਬਰਾਂ ਨੇ ਘੱਟ ਗਿਣਤੀ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਮਹਾਰਾਜਾ ਰਣਜੀਤ ਸਿੰਘ, ਮਿਲਖਾ ਸਿੰਘ,ਦਾਦਾ ਭਾਈ ਨੌਰੋਜੀ, ਹੋਮੀ ਜੇ ਭਾਭਾ, ਜਮਸ਼ੇਤਜੀ ਨੁਸਰਵਾਨਜੀ ਟਾਟਾ, ਏ.ਪੀ.ਜੇ. ਅਬਦੁਲ ਕਲਾਮ, ਏ.ਆਰ.ਰਹਿਮਾਨ ਆਦਿ ਦੇ ਯੋਗਦਾਨ ਦਾ ਜ਼ਿਕਰ ਕੀਤਾ। ਬੁਲਾਰਿਆਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਦੇ ਯੋਗਦਾਨ ਤੋਂ ਇਲਾਵਾ ਅਧਿਆਤਮਿਕਤਾ ਵਿੱਚ ਬੋਧੀਆਂ, ਸਿੱਖਿਆ ਅਤੇ ਨਰਸਿੰਗ ਵਿੱਚ ਈਸਾਈਆਂ, ਉਦਯੋਗਾਂ ਵਿੱਚ ਪਾਰਸੀਆਂ ਅਤੇ ਜੈਨੀਆਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਿਆ।

ਦੂਜੀ ਤਕਨੀਕੀ ਚਰਚਾ ਵਿਚ ਸ੍ਰੀ ਐੱਸ.ਕੇ. ਜੈਨ ਆਈ.ਪੀ.ਐਸ. (ਸੇਵਾਮੁਕਤ), ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਸੀਨੀਅਰ ਵਾਈਸ ਚੇਅਰਮੈਨ ਡਾ: ਮੁਹੰਮਦ ਰਫ਼ੀ, ਫੈਡਰੇਸ਼ਨ ਆਫ਼ ਕੈਥੋਲਿਕ ਐਸੋਸੀਏਸ਼ਨ ਆਫ਼ ਆਰਚਡੀਓਸੀਜ਼ ਆਫ਼ ਦਿੱਲੀ ਦੇ ਪ੍ਰਧਾਨ ਸ੍ਰੀ. ਏ.ਸੀ. ਮਾਈਕਲ ਅਤੇ ਬਾਬਾ ਅਮਰਾਵਤੀ ਯੂਨੀਵਰਸਿਟੀ ਦੇ ਸੈਨੇਟ ਮੈਂਬਰ ਸ੍ਰੀ. ਮਨੀਸ਼ ਗਵਾਈ, ©3$ ਦੇ ਮਾਨਯੋਗ ਮੈਂਬਰ ਸ਼੍ਰੀਮਤੀ ਰਿੰਚੇਨ ਲਹਮੋ ਅਤੇ ਸਈਅਦ ਸ਼ਹਿਜ਼ਾਦੀ ਨੇ ਵੀ ਚਰਚਾ ਵਿੱਚ ਹਿੱਸਾ ਲਿਆ।

ਇਸ ਦੌਰਾਨ ਕਾਨਫ਼ਰੰਸ ਵਿਚ ਹਿੱਸਾ ਲੈਣ ਆਏ ਕਰਨਾਟਕ, ਰਾਜਸਥਾਨ, ਉੱਤਰਾਖੰਡ, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਪੱਛਮੀ ਬੰਗਾਲ ਅਤੇ ਦਿੱਲੀ ਦੇ ਰਾਜ ਘੱਟ ਗਿਣਤੀ ਕਮਿਸ਼ਨਾਂ ਦੇ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

# ਪੰਜਾਬ ਸਮੇਤ ਚੰਡੀਗੜ੍ਹ 'ਚ ਭਾਰੀ ਮੀਂਹ !

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਸਮੇਤ ਚੰਡੀਗੜ੍ਹ ਵਿਚ ਭਾਰੀ ਮੀਂਹ ਪੈਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ, ਚੰਡੀਗੜ੍ਹ-




ਮੋਹਾਲੀ ਅਤੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਵਿਚ ਅੱਜ ਤੇਜ਼ ਮੀਂਹ ਪਿਆ। ਚੰਡੀਗੜ੍ਹ, ਲੁਧਿਆਣਾ ਅਤੇ ਮਾਨਸਾ ਵਿਚ ਸ਼ਾਮ ਸਮੇਂ ਤੋਂ ਹੀ ਮੀਂਹ ਪੈ ਰਿਹਾ ਹੈ। ਮੀਂਹ ਪੈਣ ਦੇ ਨਾਲ ਬੇਸ਼ੱਕ ਤਾਪਮਾਨ ਵਿਚ ਕਾਫੀ ਜਿਆਦਾ ਗਿਰਾਵਟ ਦਰਜ ਕੀਤੀ ਗਈ ਹੈ। ਪਰ ਇਸ ਮੀਂਹ ਨੇ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਕਰਕੇ ਰੱਖ ਦਿੱਤੀਆਂ ਹਨ। ਕਿਸਾਨਾਂ ਦੀ ਮੰਗ ਹੈ ਕਿ, ਮੁਆਵਜ਼ਾ 50 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤਾ ਜਾਵੇ।

# ਯਾਦਵਿੰਦਰ ਸਿੰਘ ਬੁੱਟਰ ਵੱਲੋਂ ਸ੍ਰੀ ਵਿਜੇ ਰੁਪਾਨੀ ਨਾਲ ਮੁਲਾਕਾਤ

**ਚੰਡੀਗੜ੍ਹ/ਲੋਕ ਬਾਣੀ**

ਭਾਰਤੀ ਜਨਤਾ ਪਾਰਟੀ ਨੂੰ ਸੂਬੇ ਵਿੱਚ ਹੋਰ ਮਜ਼ਬੂਤ ਕਰਨ ਦੇ ਮਕਸਦ ਅਤੇ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਚੰਗੀ ਕਾਰਗੁਜ਼ਾਰੀ ਲਈ ਭਾਜਪਾ ਆਗੂ ਯਾਦਵਿੰਦਰ ਸਿੰਘ ਬੁੱਟਰ ਵੱਲੋਂ ਪੰਜਾਬ ਭਾਜਪਾ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸ਼ ?ਰੀ ਵਿਜੇ ਰੁਪਾਨੀ ਨਾਲ ਮੁਲਾਕਾਤ ਕਰਕੇ ਬੇਨਤੀ ਕੀਤੀ ਕਿ ਲੋਕ ਸਭਾ ਲਈ ਸੂਬੇ ਪੰਜਾਬ ਤੋਂ ਚੰਗੇ ਅਕਸ ਅਤੇ ਲੋਕਾਂ ਵਿੱਚ ਨਿਰੰਤਰ ਵਿੱਚ ਵਿਚਰਨ ਵਾਲੇ ਆਗੂਆਂ ਨੂੰ ਹੀ ਟਿਕਟਾਂ ਦਿੱਤੀਆਂ ਜਾਣ। ਉਹਨਾਂ ਮੁਲਾਕਾਤ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਸ੍ਰੀ ਵਿਜੈ ਰੁਪਾਨੀ ਨੂੰ ਇਹ ਵੀ ਦੱਸਿਆ ਕਿ ਇਸ ਵੇਲੇ ਪੰਜਾਬ ਵਿਚ ਕਨੂੰਨ ਅਵਸਥਾ ਦੀ ਹਾਲਤ ਠੀਕ ਨਹੀਂ ਹੈ ਜਿਸ ਕਰਕੇ ਸੂਬੇ ਦੇ ਲੋਕ ਸਹਿਮ ਭਰੀ ਜ਼ਿੰਦਗੀ



ਬਤੀਤ ਕਰਦੇ ਜਿਥੇ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਦੀਆਂ ਉਦਾਹਰਨਾਂ ਦੇਂਦੇ ਹਨ ਉਥੇ ਪਿੰਡਾਂ ਦੀਆਂ ਸੱਥਾਂ ਵਿੱਚ ਹੁਣ ਮੋਦੀ ਸਰਕਾਰ ਦੀਆਂ ਉਸਾਰੂ ਅਤੇ ਸੁਚਾਰੂ ਨੀਤੀਆਂ ਦਾ ਵੀ ਅਕਸਰ ਹੀ ਜੇਕਰ ਸੁਣਨ ਨੂੰ ਮਿਲਦਾ ਹੈ। ਆਉਂਦੀਆਂ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਵੱਲੋਂ ਸੂਬੇ ਭਰ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਦਰਜ ਕਰਨ ਦਾ ਦਾਅਵਾ ਕਰਦਿਆਂ ਸ. ਬੁੱਟਰ ਨੇ ਕਿਹਾ ਕਿ ਲੋਕ ਇਹ ਭਲੀਭਾਂਤ ਜਾਨਣ ਲੱਗੇ ਹਨ ਕਿ ਸੂਬੇ ਨੂੰ ਆਰਥਕ ਮੰਦਹਾਲੀ ਅਤੇ ਕਾਨੂੰਨ ਵਿਵਸਥਾ ਦੇ ਵਿਗੜੇ ਹਾਲਾਤਾਂ ਵਿੱਚੋਂ ਬਾਹਰ ਕੱਢਣ ਲਈ ਭਾਜਪਾ ਦੀ ਸਰਕਾਰ ਬਣਨੀ ਜ਼ਰੂਰੀ ਹੈਉਨ੍ਹਾਂ ਇਹ ਵੀ ਕਿਹਾ ਕਿਕਿਹਾ ਕਿ ਪੰਜਾਬ ਦੇ ਲੋਕਾਂ ਦਾ 'ਆਪ' ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ ਅਤੇ ਲੋਕਾਂ ਦਾ ਭਾਜਪਾ ਪ੍ਰਤੀ ਭਰੋਸਾ ਵਧਦਾ ਜਾ ਰਿਹਾ ਹੈ।

# ਪੰਜਾਬ ਦੇ ਅਧਿਆਪਕਾਂ ਦਾ ਸੂਬੇ ਭਰ 'ਚ ਅਨੋਖ਼ਾ ਰੋਸ ਪ੍ਰਦਰਸ਼ਨ

## ਤਿੰਨ ਅਧਿਆਪਕਾਂ ਸਮੇਤ ਚਾਰ ਦੀ ਮੌਤ 'ਤੇ ਵੀ ਪੰਜਾਬ ਸਰਕਾਰ ਦੀ ਗਹਿਰੀ ਨੀਂਦ ਨਾ ਟੁੱਟਣਾ ਨਿਖੇਧੀਯੋਗ: ਡੀ.ਟੀ.ਐੱਫ.

**ਸੰਗਰੂਰ/ਲੋਕ ਬਾਣੀ**

ਫਾਜ਼ਿਲਕਾ ਜਿਲੇ ਤੋਂ ਤਰਨ ਤਾਰਨ ਵਿਖੇ ਡਿਊਟੀ 'ਤੇ ਕਰੂਜ਼ਰ ਗੱਡੀ ਰਾਹੀਂ ਜਾ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਬੀਤੀ 24 ਮਾਰਚ ਨੂੰ ਦਰਪੇਸ਼ ਭਿਆਨਕ ਹਾਦਸੇ ਦੌਰਾਨ ਤਿੰਨ ਅਧਿਆਪਕਾਂ ਅਤੇ ਡਰਾਈਵਰ ਦੀ ਮੌਤ ਹੋਣ ਅਤੇ ਬਾਕੀਆਂ ਦੇ ਗੰਭੀਰ ਜਖ਼ਮੀ ਹੋਣ ਦੀ ਮੰਦਭਾਗੀ ਘਟਨਾ ਦੇ ਕਈ ਦਿਨ ਬੀਤਣ ਦੇ ਬਾਵਜੂਦ, ਪੰਜਾਬ ਸਰਕਾਰ ਵੱਲੋਂ ਅਣਮਨੁੱਖੀ ਰਵੱਈਆ ਦਿਖਾਉਂਦੇ ਹੋਏ ਕਿਸੇ ਤਰਾਂ ਦੇ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਗਿਆ ਹੈ।



ਜਿਸ ਕਾਰਨ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਦਿੱਤੇ ਸੱਦੇ ਤਹਿਤ ਸੰਗਰੂਰ ਜਿਲੇ ਦੇ ਵੱਖ-ਵੱਖ ਸਕੂਲਾਂ ਵਿਚ ਅਧਿਆਪਕਾਂ ਨੇ ਕਾਲੇ ਬਿੱਲੇ ਲਗਾ ਕੇ ਇਸ ਮਾਮਲੇ ਵਿਚ ਅਣਦੇਖੀ ਕਰਨ ਵਾਲ਼ੇ ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਖ਼ਿਲਾਫ ਰੋਸ ਜ਼ਾਹਿਰ ਕਰਦਿਆਂ, ਅਧਿਆਪਕਾਂ ਦੇ ਬਤੌਰ ਕੌਮ ਨਿਰਮਾਤਾ ਸਮਾਜ ਲਈ ਅਹਿਮ ਯੋਗਦਾਨ ਹੋਣ ਦੇ ਮੱਦੇਨਜ਼ਰ, ਫ਼ੌਤ ਹੋਣ ਵਾਲੇ ਅਧਿਆਪਕਾਂ ਤੇ ਡਰਾਈਵਰ ਲਈ ਇੱਕ-ਇੱਕ ਕਰੋੜ, ਗੰਭੀਰ ਜਖ਼ਮੀਆਂ ਲਈ 50 ਲੱਖ, ਬਾਕੀਆਂ ਲਈ 10-10 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਅਤੇ ਹਸਪਤਾਲ ਵਿਚ ਦਾਖ਼ਿਲ ਅਧਿਆਪਕਾਂ ਨੂੰ ਆਨ ਡਿਊਟੀ ਟ੍ਰੀਟ ਕਰਨ ਦੀ ਮੰਗ ਕੀਤੀ ਹੈ।

ਡੀ.ਟੀ.ਐੱਫ. ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ, ਜ਼ਿਲਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਿਸ਼ਿਸ਼ਟ, ਸੂਬਾਈ ਆਗੂਆਂ ਮੇਘ ਰਾਜ ਅਤੇ ਦਲਜੀਤ ਸਫੀਪੁਰ ਨੇ ਕਿਹਾ ਕੇ ਪਿੱਤਰੀ ਜਿਲਿਆਂ ਵਿਚ ਖਾਲੀ ਪੋਸਟਾਂ ਹੋਣ ਦੇ ਬਾਵਜੂਦ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਹਜ਼ਾਰਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਨੌਕਰੀਆਂ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹਨਾਂ ਅਧਿਆਪਕਾਂ ਦੇ ਸੁਰੱਖਿਅਤ ਆਉਣ-ਜਾਣ ਅਤੇ ਰਿਹਾਇਸ਼ ਦਾ ਪ੍ਰਬੰਧ ਜਾਂ ਹੋਰ ਸਹੂਲਤਾਂ ਦੇਣ ਵੱਲ ਕੋਈ ਧਿਆਨ ਦੇਣ ਦੀ ਥਾਂ ਨਵ-ਨਿਯੁਕਤ ਅਧਿਆਪਕਾਂ ਨੂੰ ਪਰਖ ਸਮੇਂ ਦੀ ਆੜ ਵਿਚ ਪਹਿਲੇ ਤਿੰਨ ਸਾਲ ਪੂਰੇ ਤਨਖਾਹ ਸਕੇਲ ਅਤੇ ਭੱਤਿਆਂ ਤੋਂ ਵੀ ਵਾਂਝੇ ਰੱਖ ਕੇ ਘੱਟ ਤਨਖਾਹਾਂ 'ਤੇ ਸੋਸ਼ਣ ਕੀਤਾ ਜਾ ਰਿਹਾ ਹੈ। ਡੀਟੀਐੱਫ ਦੇ ਆਗੂਆਂ ਨੇ ਮੰਗ ਕੀਤੀ ਕੇ ਹਰੇਕ ਅਧਿਆਪਕ ਨੂੰ ਨਵੀਂ ਨਿਯੁਕਤੀ ਜਾਂ ਤਰੱਕੀ ਹੋਣ ਉਪਰੰਤ ਉਸ ਦੇ ਗ੍ਰਹਿ ਜਿਲੇ ਵਿਚ ਹੀ ਸਟੇਸ਼ਨ ਦਿੱਤਾ ਜਾਵੇ ਅਤੇ ਜਿਲੇ ਵਿਚ ਇੱਕ ਵੀ ਪੋਸਟ ਨਾ ਖਾਲੀ ਹੋਣ ਦੀ ਸੂਰਤ ਵਿਚ ਵੀ ਗੁਆਂਢੀ ਜਿਲੇ ਵਿਚ ਹੀ ਭੇਜਿਆ ਜਾਵੇ। ਇਸ ਦੇ ਨਾਲ ਹੀ ਜਿਆਦਾ ਦੂਰੀ ਤੋਂ ਪੜਾਉਣ ਆਏ ਅਧਿਆਪਕਾਂ ਦੇ ਰਹਿਣ ਲਈ ਪੰਜਾਬ ਦੇ ਹਰੇਕ ਤਹਿਸੀਲ ਕੇਂਦਰ 'ਤੇ ਮਿਆਰੀ ਸਹੂਲਤਾਂ ਵਾਲੇ ਟੀਚਰ ਹੋਮ ਸਥਾਪਿਤ ਕੀਤੇ ਜਾਣ।

ਡੀ.ਟੀ.ਐੱਫ. ਆਗੂਆਂ ਕਰਮਜੀਤ ਨਦਾਮਪੁਰ, ਕੁਲਵੰਤ ਖਨੌਰੀ, ਰਵਿੰਦਰ ਦਿੜਬਾ, ਡਾ. ਗੌਰਵਜੀਤ, ਕਮਲਜੀਤ ਬਨਭੌਰਾ, ਦੀਨਾ ਨਾਥ, ਰਾਜ਼ ਸੈਣੀ, ਕੰਵਰਜੀਤ ਸਿੰਘ, ਰਮਨ ਲਹਿਰਾ, ਗੁਰਦੀਪ ਚੀਮਾ, ਸੁਖਵਿੰਦਰ ਸੁਖ, ਮਨਜੀਤ ਸੱਭਰਵਾਲ, ਗੁਰਜੰਟ ਲਹਿਲ ਕਲਾਂ, ਗੁਰਜੀਤ ਸ਼ਰਮਾ ਅਤੇ ਸੁਖਬੀਰ ਸਿੰਘ ਆਦਿਨੇ ਫ਼ੌਤ ਹੋਣ ਵਾਲੇ ਅਧਿਆਪਕਾਂ ਦੇ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੁੰਦਿਆਂ ਕਿਹਾ ਕੇ ਇਸ ਹਾਦਸੇ ਕਾਰਨ ਪੰਜਾਬ ਦੇ ਸਮੂਹ ਚਿੰਤਨਸ਼ੀਲ ਹਿੱਸਿਆਂ ਵਿਚ ਭਾਰੀ ਸੋਗ ਦੀ ਲਹਿਰ ਹੈ ਅਤੇ ਹਾਦਸੇ ਦੇ ਪੀੜਤਾਂ ਨੂੰ ਬਣਦਾ ਇਨਸਾਫ਼ ਨਾ ਮਿਲਣ ਦੀ ਸੂਰਤ ਵਿਚ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।

# 31 ਮਾਰਚ ਤੋਂ 2 ਅਪ੍ਰੈਲ ਤੱਕ : ਸੇਵਾ ਦੇ ਪੁੰਜ ਸਨ ਮਹੰਤ ਗੁਲਾਬ ਸਿੰਘ ਜੀ, ਸੰਤ ਹਰੀ ਸਿੰਘ ਜੀ, ਮਹੰਤ ਤੀਰਥ ਸਿੰਘ ਜੀ, ਸੰਤ ਹਰਨਾਮ ਸਿੰਘ ਜੀ

**ਭਾਈ** ਕਨੱਈਆ ਰਾਮ ਜੀ ਤੋਂ ਪ੍ਰਚਲਿਤ ਸੇਵਾਪੰਥੀ ਸਾਧੂਆਂ ਨੇ ਜਿੱਥੇ ਲੋਕਾਂ ਦੇ ਸਰੀਰਕ ਸੁੱਖ ਆਰਾਮ ਲਈ ਸਰਾਵਾਂ, ਟਿਕਾਣੇ, ਖੂਹ, ਤਲਾਬ, ਦਵਾਖਾਨੇ ਤੇ ਲੰਗਰ ਲਾ ਕੇ ਮਨੁੱਖ ਜਾਤੀ ਦੀ ਸੇਵਾ ਕੀਤੀ, ਉਥੇ ਮਾਨਸਿਕ ਸ਼ਾਂਤੀ ਤੇ ਸਦਾਚਾਰਿਕ ਸਿੱਖਿਆ ਲਈ ਸੁੰਦਰ ਸਾਹਿਤ ਦੀ ਵੀ ਸਿਰਜਣਾ ਕੀਤੀ ਹੈ। ਸੇਵਾਪੰਥੀ ਸਾਧੂ ਸਿੱਧਾ-ਸਾਦਾ, ਨਿਰਛਲ, ਨਿਸ਼ਕਪਟ, ਦਰਵੇਸੀ ਜੀਵਨ ਬਤੀਤ ਕਰਨ ਵਾਲੇ ਤਪੱਸਵੀ ਤੇ ਸੰਤੋਖੀ ਪੁਰਸ਼ ਹਨ। ਇਹ ਕਿਸੇ ਦਾ ਦਿਲ ਦੁਖਾ ਕੇ ਰਾਜ਼ੀ ਨਹੀਂ, ਸਗੋਂ ਆਪ ਖਾਣ-ਪਹਿਨਣ ਦੀ ਥਾਂ ਦੂਜਿਆਂ ਨੂੰ ਖੁਆ-ਪਹਿਨਾ ਕੇ ਜ਼ਿਆਦਾ ਪ੍ਰਸੰਨ ਹੁੰਦੇ ਹਨ। ਸੇਵਾਪੰਥੀ ਸਾਧੂਆਂ ਵਿੱਚ ਅਨੇਕਾਂ ਪਰਉਪਕਾਰੀ ਸੰਤ ਹੋਏ ਹਨ, ਉਹਨਾਂ ਵਿੱਚੋਂ ਹੀ ਮਹੰਤ ਗੁਲਾਬ ਸਿੰਘ ਜੀ, ਸੰਤ ਹਰੀ ਸਿੰਘ ਜੀ, ਮਹੰਤ ਤੀਰਥ ਸਿੰਘ ਜੀ, ਸੰਤ ਹਰਨਾਮ ਸਿੰਘ ਜੀ ਰੰਗਪੁਰ ਵਾਲੇ ਹੋਏ ਸਨ।









1 ਮਹੰਤ ਗੁਲਾਬ ਸਿੰਘ ਜੀ:-ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਦੀ ਨਾਦੀ ਬੰਸਾਵਲੀ 'ਚ ਦਸਵੇਂ ਸਥਾਨ 'ਤੇ ਉੱਚ ਕਰਨੀ ਵਾਲੇ ਮਹਾਂਪੁਰਖ ਮਹੰਤ ਗੁਲਾਬ ਸਿੰਘ ਦਾ ਜਨਮ ਪਿੰਡ ਫਾਜ਼ਲ ਜ਼ਿਲ੍ਹਾ ਮੀਆਂਵਾਲੀ (ਹੁਣ ਪਾਕਿਸਤਾਨ) ਵਿਖੇ ਪਿਤਾ ਭਾਈ ਖ਼ਜ਼ਾਨ ਸਿੰਘ ਦੇ ਘਰ ਮਾਤਾ ਸੇਵਾ ਬਾਈ ਦੀ ਕੁੱਖੋਂ 1871 ਈ: ਸੰਮਤ 1928 ਬਿਕਰਮੀ ਵਿੱਚ ਹੋਇਆ। ਮਹੰਤ ਜੀ ਬਚਪਨ ਤੋਂ ਹੀ ਸਾਧੂ-ਸੁਭਾਅ ਵਾਲੇ ਸਨ। 12 ਸਾਲ ਦੀ ਉਮਰ ਵਿੱਚ ਮਾਤਾ-ਪਿਤਾ ਨੇ ਪੱਕੇ ਤੌਰ 'ਤੇ ਨੂਰਪੁਰ ਥਲ ਮਹੰਤ ਲਖ਼ਮੀ ਦਾਸ ਕੋਲ ਟਿਕਾਣੇ ਸੌਂਪ ਦਿੱਤਾ।

ਭਾਈ ਗੁਲਾਬ ਸਿੰਘ ਨੇ ਰੋਜ਼ਾਨਾ ਟਿਕਾਣੇ ਵਿੱਚ ਦੋ-ਤਿੰਨ ਸੌ ਪਸ਼ੂਆਂ ਦਾ ਗੋਹਾ ਇਕੱਠਾ ਕਰਨਾ, ਥੱਪਣਾ ਅਤੇ ਲੰਗਰ ਲਈ ਬਾਲਣ ਦੇ ਪ੍ਰਬੰਧ ਤੇ ਪਾਣੀ ਆਦਿ ਦੀ ਸੇਵਾ ਵਿੱਚ ਸਾਰਾ ਦਿਨ ਮਸਤ ਰਹਿਣਾ। ਸੇਵਾ ਕਰਦਿਆਂ ਇਹਨਾਂ ਦੀ ਰਸਨਾ ਆਪ-ਮੁਹਾਰੀ ਸ਼ ?ਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਰਹਿੰਦੀ। ਉਧਰ ਮਹੰਤ ਲਖ਼ਮੀ ਦਾਸ ਜੀ ਨੇ ਆਪਣਾ ਅੰਤ ਸਮਾਂ ਨੇੜੇ ਜਾਪਦਾ ਦੇਖ ਕੇ ਮਿੱਠੇ ਟਿਵਾਣੇ ਤੋਂ ਮਹੰਤ ਭਗਤ ਸਿੰਘ ਨੂੰ ਬੁਲਾਇਆ ਤੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਕੇ ਗੋਹਾ ਥੱਪਦੇ ਭਾਈ ਗੁਲਾਬ ਸਿੰਘ ਨੂੰ ਪਸ਼ੂਆਂ ਦੀ ਹਵੇਲੀ 'ਚੋਂ ਬੁਲਾਇਆ। ਇਸ਼ਨਾਨ ਕਰਵਾ ਕੇ, ਸਾਫ਼-ਸੁਥਰੇ ਬਸਤਰ (ਕੱਪੜੇ) ਪੁਆ ਕੇ, ਦਸਤਾਰਬੰਦੀ ਦੀ ਰਸਮ ਸਮੇਂ ਝਾੜੂ ਤੇ ਬਾਟਾ ਹੱਥ ਵਿੱਚ ਫੜਾ ਕੇ ਭਾਈ ਲਖ਼ਮੀ ਦਾਸ ਨੇ ਟਿਕਾਣੇ ਦੀ ਸੇਵਾ ਸੰਭਾਲ ਮਹੰਤ ਗੁਲਾਬ ਸਿੰਘ ਨੂੰ ਸੌਂਪ ਦਿੱਤੀ।

ਮਹੰਤ ਗੁਲਾਬ ਸਿੰਘ ਜੀ ਨੇ ਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਟਿਕਾਣੇ ਨੂੰ ਨਵੇਂ ਸਿਰਿਓਂ ਬਣਵਾਉਣਾ ਸ਼ੁਰੂ ਕੀਤਾ। ਥੋੜ੍ਹੇ ਦਿਨਾਂ ਵਿੱਚ ਹੀ ਕੱਚੇ ਕੋਠੇ ਪੱਕੇ ਮਕਾਨਾਂ ਵਿੱਚ ਬਦਲ ਗਏ। ਰਿਹਾਇਸ਼ੀ ਮਕਾਨ ਬਣਾਏ ਗਏ। ਸ਼ ?ਰੀ ਹਰਿਮੰਦਰ ਸਾਹਿਬ ਬਹੁਤ ਸੁੰਦਰ ਤਿਆਰ ਕਰਵਾਇਆ। ਸੰਤਾਂ ਵਾਸਤੇ ਕੋਠੜੀਆਂ ਤੇ ਚੁਬਾਰੇ, ਸੰਗਤਾਂ ਦੇ ਲਈ ਸਰਾਵਾਂ, ਮਾਲ-ਡੰਗਰ ਲਈ ਹਵੇਲੀ ਤੇ ਹੋਰ ਕਈ ਇਮਾਰਤਾਂ ਬਣਾਈਆਂ। ਆਪ ਨੇ ਦੇਸ਼ ਵੰਡ ਪਿੱਛੋਂ ਅੰਬਾਲਾ ਫਿਰ ਮਲੋਟ ਤੇ ਉਸ ਤੋਂ ਬਾਅਦ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਆ ਡੇਰਾ (ਟਿਕਾਣਾ) ਆਬਾਦ ਕੀਤਾ। ਆਪ ਨੇ ਪੰਜ ਹਜ਼ਾਰ ਵਿਅਕਤੀਆਂ (ਮਰਦ/ਔਰਤਾਂ/ਬੱਚਿਆਂ) ਨੂੰ ਸਹੀ ਸਲਾਮਤ ਭਾਰਤ ਪਹੁੰਚਾਇਆ। ਮਹੰਤ ਗੁਲਾਬ ਸਿੰਘ ਧੁਰੋਂ ਸੱਦਾ ਆਉਣ ਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ 20 ਅਪੈ ?ਲ 1950 ਈ: (8 ਵੈਸਾਖ ਸੰਮਤ 2007 ਬਿਕਰਮੀ) ਨੂੰ 79 ਸਾਲ ਦੀ ਉਮਰ ਬਤੀਤ ਕਰਕੇ ਸ਼ ?ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਸੱਚ-ਖੰਡ ਜਾ ਬਿਰਾਜੇ।

2 ਸੰਤ ਹਰੀ ਸਿੰਘ ਜੀ:-ਸੰਤ ਹਰੀ ਸਿੰਘ ਦਾ ਜਨਮ ਨੂਰਪੁਰ ਥਲ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਖੇ ਪਿਤਾ ਸ਼ ?ਰੀ ਤੁਲਾ ਰਾਮ ਦੇ ਗ੍ਰਹਿ 1904 ਈ: ਨੂੰ ਹੋਇਆ। ਆਪ ਦਾ ਰੰਗ ਗੋਰਾ, ਉੱਚਾ ਲੰਮਾ ਕੱਦ, ਸਰੀਰ ਪਤਲਾ ਪਰ ਹੱਡੀਆਂ ਮੋਟੀਆਂ ਤੇ ਨਿੱਗਰ ਸਨ। ਬਚਪਨ ਵਿੱਚ ਆਪ ਭਾਈ ਜਗਤਾ ਜੀ ਸਕੂਲ ਨੂਰਪੁਰ ਥਲ ਪੜ੍ਹਦੇ ਸਨ। ਭਾਈ ਪੇ ?ਮ ਸਿੰਘ ਬੱਚਿਆਂ ਨੂੰ ਸ਼ਬਦ ਕੀਰਤਨ ਸਿਖਾਉਂਦੇ, ਆਪ ਬੱਚਿਆਂ ਦੇ ਉਸ ਜਥੇ ਵਿੱਚ ਕੀਰਤਨ ਦੇ ਮੋਢੀ ਸਨ। ਉਹਨਾਂ ਦੀ ਸੁਰੀਲੀ ਤੇ ਮਿੱਠੀ ਆਵਾਜ਼ ਸੁਣ ਕੇ ਸ਼ ?ਰੀਮਾਨ ਮਹੰਤ ਗੁਲਾਬ ਸਿੰਘ ਜੀ ਨੇ ਉਹਨਾਂ ਦੇ ਪਿਤਾ ਸ਼ ?ਰੀ ਤੁਲਾ ਰਾਮ ਨੂੰ ਕਿਹਾ, "ਇਹ ਬੱਚਾ ਸਾਨੂੰ ਦੇ ਦਿਉ।" 15 ਸਾਲ ਦੀ ਉਮਰ ਵਿੱਚ ਮਹੰਤ ਗੁਲਾਬ ਸਿੰਘ, ਹਰੀ ਸਿੰਘ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ ਨੂਰਪੁਰ ਥਲ ਵਿਖੇ ਲੈ ਆਏ। ਟਿਕਾਣੇ ਵਿੱਚ ਉਸਤਾਦ ਭਾਈ ਉੱਤਮ ਚੰਦ ਤੋਂ ਕੀਰਤਨ ਵਿੱਦਿਆ ਸਿੱਖ ਕੇ ਡੇਰੇ ਵਿੱਚ ਹੀ ਕੀਰਤਨ ਕਰਨ ਲੱਗ ਪਏ। ਆਪ ਨੇ ਨੂਰਪੁਰ ਥਲ ਵਿਖੇ 28 ਸਾਲ ਤੱਕ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਦੇਸ਼ ਦੀ ਵੰਡ ਤੋਂ ਬਾਅਦ 1947 ਵਿੱਚ ਭਾਰਤ ਆ ਕੇ ਪਾਕਿਸਤਾਨ ਵਿੱਚ ਰਹਿ ਗਈਆਂ ਜਾਇਦਾਦਾਂ ਦੇ ਕਲੇਮ ਤੇ ਜ਼ਮੀਨਾਂ ਅਲਾਟ ਕਰਵਾਈਆਂ। ਆਪ ਨੇ ਗ਼ਰੀਬ ਲੋਕਾਂ ਦੀ ਕਲੇਮ, ਮਕਾਨ ਦਿਵਾਉਣ ਵਿੱਚ ਬੜੀ ਸਹਾਇਤਾ ਕੀਤੀ। ਲੋਕਾਂ ਨੂੰ ਨਵੇਂ ਸਿਰਿਓਂ ਵਸਾਉਣ ਵਿੱਚ ਵੀ ਬੜੀ ਸੇਵਾ ਕੀਤੀ। ਸੰਤ ਹਰੀ ਸਿੰਘ ਜੀ ਨੇ ਮਹੰਤ ਗੁਲਾਬ ਸਿੰਘ ਜੀ ਦੇ ਨਾਂ ਤੇ ਮਾਛੀਵਾੜਾ ਵਿਖੇ ਡੇਰਾ ਕਾਇਮ ਕੀਤਾ। ਸੰਤ ਹਰੀ ਸਿੰਘ, ਸ਼ ?ਰੀਮਾਨ ਮਹੰਤ ਗੁਲਾਬ ਸਿੰਘ ਜੀ ਦੇ ਚੇਲੇ ਸਨ। ਸੰਤ ਹਰੀ ਸਿੰਘ ਜੀ ਨੂੰ ਖੇਤੀ ਕਰਨ ਤੇ ਕਰਵਾਉਣ ਦਾ ਬੜਾ ਸ਼ੌਕ ਸੀ। ਮਾਛੀਵਾੜਾ ਦੇ ਨੇੜੇ ਗੁਰੂਗੜ੍ਹ ਵਿੱਚ ਜ਼ਮੀਨ ਖ਼ੁਦ ਕਾਸ਼ਤ ਕਰਦੇ ਰਹੇ ਹਨ। ਆਪਣੀ ਜ਼ਮੀਨ ਦੀ ਹੀ ਕਣਕ, ਸਬਜ਼ੀ, ਗਊਆਂ-ਮੱਝਾਂ ਦਾ ਦੁੱਧ, ਦਹੀਂ, ਲੱਸੀ ਖਾਂਦੇ-ਪੀਂਦੇ ਸਨ। ਸੰਤ ਜੀ 'ਭਾਈ ਕਨੱਈਆ ਸੇਵਾ ਜੋਤੀ' ਪੰਜਾਬੀ ਮਾਸਿਕ ਦੇ ਸਰਪ੍ਰਸਤ ਸਨ। ਸੇਵਾ ਦੀ ਮੂਰਤ ਸੰਤ ਹਰੀ ਸਿੰਘ ਜੀ ਮਾਛੀਵਾੜਾ ਵਾਲੇ 17 ਮਾਰਚ 1995 ਈ: ਨੂੰ 95 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

3 ਮਹੰਤ ਤੀਰਥ ਸਿੰਘ ਜੀ:-ਮਹੰਤ ਤੀਰਥ ਸਿੰਘ ਜੀ ਦਾ ਜਨਮ ਪਿੰਡ ਜੰਡਾਂਵਾਲਾ ਜ਼ਿਲ੍ਹਾ ਮੀਆਂਵਾਲੀ (ਹੁਣ ਪਾਕਿਸਤਾਨ) ਵਿੱਚ 12 ਫ਼ਰਵਰੀ 1925 ਈ: ਨੂੰ ਪਿਤਾ ਸ੍ਰ: ਤਾਰਾ ਸਿੰਘ ਦੇ ਗ੍ਰਹਿ ਮਾਤਾ ਸੇਵਾ ਬਾਈ (ਅੰਮ੍ਰਿਤ ਛਕਣ ਉਪਰੰਤ ਨਾਂ ਸਤਵੰਤ ਕੌਰ) ਦੀ ਕੁੱਖ ਤੋਂ ਹੋਇਆ। ਆਪ ਦੇ ਜਨਮ ਸਮੇਂ ਨਾਮ ਵਿੱਚ ਰੰਗੇ ਪਿਤਾ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਆਏ ਹੁਕਮਨਾਮੇ ਦੇ ਪਹਿਲੇ ਅੱਖਰ ਅਨੁਸਾਰ 'ਤੀਰਥ ਸਿੰਘ' ਰੱਖਿਆ। ਸੰਨ 1938 ਈ: ਵਿੱਚ ਮਾਤਾ-ਪਿਤਾ ਦੀ ਆਗਿਆ ਅਨੁਸਾਰ ਮਹੰਤ ਆਸਾ ਸਿੰਘ ਉਹਨਾਂ ਨੂੰ ਨੂਰਪੁਰ ਟਿਕਾਣੇ ਲੈ ਗਏ ਤੇ ਮਹੰਤ ਗੁਲਾਬ ਸਿੰਘ ਦੇ ਅਰਪਣ ਕਰ ਦਿੱਤਾ। 1964 ਵਿੱਚ ਮਹੰਤ ਆਸਾ ਸਿੰਘ ਨੇ ਸਿਰ 'ਤੇ ਦਸਤਾਰ ਸਜਾ ਕੇ ਸਾਧੂ ਭੇਖ ਦਿੱਤਾ। ਮਹੰਤ ਆਸਾ ਸਿੰਘ ਜੀ ਦੇ 1 ਜਨਵਰੀ 1974 ਈ: ਨੂੰ ਸੱਚ-ਖੰਡ ਪਿਆਨਾ ਕਰ ਜਾਣ ਤੋਂ ਬਾਅਦ 14 ਜਨਵਰੀ 1974 ਈ: ਨੂੰ ਟਿਕਾਣੇ ਦੀ ਸੇਵਾ-ਸੰਭਾਲ ਸੇਵਾਪੰਥੀ ਭੇਖ ਵੱਲੋਂ ਮਹੰਤ ਤੀਰਥ ਸਿੰਘ ਜੀ ਨੂੰ ਝਾੜੂ ਤੇ ਬਾਟਾ ਦੇ ਕੇ ਸੌਂਪੀ ਗਈ। ਮਹੰਤ ਤੀਰਥ ਸਿੰਘ ਨੂੰ 1978 ਵਿੱਚ ਸੇਵਾਪੰਥੀ ਅੱਡਣਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦਾ ਪ੍ਰਧਾਨ ਬਣਾਇਆ। ਮਹੰਤ ਜੀ ਨੇ ਲਗਾਤਾਰ 30 ਸਾਲ ਇਸ ਸੇਵਾ ਨੂੰ ਬੜੀ ਤਨਦੇਹੀ ਨਾਲ ਨਿਭਾਇਆ।

ਉਹਨਾਂ ਦੀ ਸਰਪ੍ਰਸਤੀ ਵਿੱਚ 4 ਕਾਲਜ, 27 ਸਕੂਲ, 11 ਗੁਰਦੁਆਰੇ ਚੱਲ ਰਹੇ ਸਨ। ਮਹੰਤ ਤੀਰਥ ਸਿੰਘ ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਤੇ ਚੈਰੀਟੇਬਲ ਟ ?ਰਸਟਾਂ ਦੇ ਚੇਅਰਮੈਨ/ਪ੍ਰਧਾਨ/ਸਰਪ੍ਰਸਤ ਸਨ। ਮਹੰਤ ਤੀਰਥ ਸਿੰਘ ਦੀ ਸਰਪ੍ਰਸਤੀ ਵਿੱਚ ਗੋਨਿਆਣਾ ਮੰਡੀ, ਮਲੋਟ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਢਾਹਾਂ ਕਲੇਰਾਂ (ਨਵਾਂ ਸ਼ਹਿਰ), ਅੰਮ੍ਰਿਤਸਰ ਵਿਖੇ ਸੱਤ ਸਰਬ-ਹਿੰਦ ਸਿੱਖ ਵਿੱਦਿਅਕ ਕਾਨਫ਼ਰੰਸਾਂ ਸਫਲਤਾਪੂਰਵਕ ਸੰਪੰਨ ਹੋਈਆਂ। ਉਹਨਾਂ ਦੀ ਸਰਪ੍ਰਸਤੀ ਹੇਠ 1985 ਵਿੱਚ ਭਾਈ ਕਨੱਈਆ ਸੇਵਾ ਜੋਤੀ ਮੈਗਜ਼ੀਨ ਛਪਣਾ ਸ਼ੁਰੂ ਹੋਇਆ। ਇਸ ਦੀ ਕੋਈ ਕੀਮਤ ਜਾਂ ਚੰਦਾ ਨਹੀਂ ਹੈ। ਅੱਜ ਇਹ ਮੈਗਜ਼ੀਨ ਮਹੰਤ ਕਾਹਨ ਸਿੰਘ ਜੀ 'ਸੇਵਾਪੰਥੀ' ਦੀ ਰਹਿਨੁਮਾਈ ਹੇਠ ਛਪ ਕੇ ਦੇਸ਼-ਵਿਦੇਸ਼ ਵਿੱਚ ਮੁਫ਼ਤ ਭੇਜਿਆ ਜਾਂਦਾ ਹੈ। ਮਹੰਤ ਤੀਰਥ ਸਿੰਘ ਨੇ ਚਾਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਲੱਖੀ-ਜੰਗਲ, ਗੁਰਦੁਆਰਾ ਬਨੋਟਾ ਸਾਹਿਬ ਦੀ ਸੇਵਾ ਕਰਵਾਈ ਤੇ ਗੋਨਿਆਣਾ ਮੰਡੀ ਦੇ ਆਲੇ-ਦੁਆਲੇ ਦੇ ਨਗਰਾਂ ਵਿੱਚ ਅਣਗਿਣਤ ਗੁਰਦੁਆਰਿਆਂ ਦੀ ਸਥਾਪਨਾ ਕਰਵਾਈ ਅਤੇ ਖੁੱਲ੍ਹੇ ਦਿਲ ਨਾਲ ਸਹਾਇਤਾ ਕੀਤੀ ਤੇ ਸਹਿਯੋਗ ਦਿੱਤਾ।

ਮਹੰਤ ਤੀਰਥ ਸਿੰਘ ਭਾਈ ਕਨੱਈਆ ਐਵਾਰਡ ਕਮੇਟੀ ਦੇ ਚੇਅਰਮੈਨ ਸਨ। ਉਹਨਾਂ ਦੀ ਸਰਪ੍ਰਸਤੀ ਵਿੱਚ ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ, ਸ਼ ?ਰੀ ਮੁਰਲੀਧਰ ਦੇਵੀ ਦਾਸ ਆਮਟੇ, ਭਗਵੰਤ ਸਿੰਘ ਦਲਾਵਰੀ, ਸ਼ ?ਰੀ ਵਿਜੈ ਗੋਇਲ ਬਠਿੰਡਾ, ਡਾ: ਮਨਤਾਰ ਸਿੰਘ ਫ਼ਰੀਦਕੋਟ, ਸ੍ਰ: ਰਾਜ ਸਿੰਘ ਪਾਣੀਪਤ ਨੂੰ ਭਾਈ ਕਨੱਈਆ ਐਵਾਰਡ ਦਿੱਤੇ ਗਏ। ਉਹਨਾਂ ਦੇ ਉੱਦਮ ਸਦਕਾ ਹੀ 18 ਸਤੰਬਰ 1998 ਈ: ਨੂੰ ਭਾਈ ਕਨੱਈਆ ਜੀ ਦੀ ਬਰਸੀ 'ਤੇ ਦੋ ਰੁਪਏ ਵਾਲੀ ਡਾਕ-ਟਿਕਟ ਰਿਲੀਜ਼ ਕੀਤੀ ਗਈ। ਮਹੰਤ ਤੀਰਥ ਸਿੰਘ ਨੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀਆਂ ਝੀਲਾਂ ਦੇ ਨੇੜੇ ਭਾਈ ਕਨੱਈਆ ਚੌਂਕ ਬਣਾਇਆ। ਉਹਨਾਂ ਦੀ ਯਾਦਾਸ਼ਤ ਬਹੁਤ ਤੇਜ਼ ਸੀ। ਉਹਨਾਂ ਨੂੰ ਸੇਵਾਪੰਥੀ ਮਹਾਂਪੁਰਸ਼ਾਂ ਦਾ ਜੀਵਨ ਜ਼ੁਬਾਨੀ ਹੀ ਯਾਦ ਸੀ। ਮਹੰਤ ਤੀਰਥ ਸਿੰਘ ਦੇ ਤਿੰਨ ਗੁਰਬਾਣੀ ਦੇ ਸਟੀਕ ਜਪੁ ਬੋਧ, ਸਿਧ ਗੋਸਟਿ, ਆਸਾ ਕੀ ਵਾਰ ਛਪੇ ਹਨ। ਉਹਨਾਂ ਦਾ ਮਿਸ਼ਨ ਸੀ ਕਿ ਸ਼ ?ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਕਨੱਈਆ ਜੀ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਇਆ ਜਾਵੇ। ਉਹਨਾਂ ਦੇਸ਼ਾਂ-ਵਿਦੇਸ਼ਾਂ ਵਿੱਚ ਲੱਖਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਉਹਨਾਂ ਨੇ ਬੇਅੰਤ ਸਹਿਜਧਾਰੀ ਪਰਿਵਾਰਾਂ ਨੂੰ ਤੇ ਭੁੱਲੀ-ਭਟਕੀ ਨੌਜਵਾਨ ਪੀੜ੍ਹੀ ਨੂੰ ਸਿੱਖ ਬਣਾਇਆ। ਉਹਨਾਂ ਦੇਸ਼ਾਂ-ਵਿਦੇਸ਼ਾਂ ਵਿੱਚ ਲੱਖਾਂ ਸਦਗ੍ਰਹਿਸਤੀਆਂ ਨੂੰ ਸ਼ਬਦ ਗੁਰੂ ਦੇ ਨਾਲ ਜੋੜਿਆ। ਮਹੰਤ ਤੀਰਥ ਸਿੰਘ ਪਰਉਪਕਾਰ ਦੇ ਕਾਰਜ ਕਰਦਿਆਂ 15 ਜਨਵਰੀ 2008 ਈ: ਨੂੰ 83 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ।

4 ਸੰਤ ਹਰਨਾਮ ਸਿੰਘ ਜੀ:- ਸੰਤ ਹਰਨਾਮ ਸਿੰਘ ਜੀ ਦਾ ਜਨਮ ਪਿਤਾ ਸ੍ਰ: ਵਜ਼ੀਰ ਸਿੰਘ ਦੇ ਘਰ ਮਾਤਾ ਭਰਾਵਾਂ ਬਾਈ ਜੀ ਦੀ ਕੁੱਖ ਤੋਂ ਸੰਨ 1924 ਈ: ਸੰਮਤ 1981 ਬਿਕਰਮੀ ਨੂੰ ਪਿੰਡ ਰੰਗਪੁਰ ਤਹਿਸੀਲ ਸਰਗੋਧਾ ਪਾਕਿਸਤਾਨ ਵਿਖੇ ਹੋਇਆ। ਆਪ ਨੇ ਸਕੂਲੀ ਵਿੱਦਿਆ ਅੱਠਵੀਂ ਸ਼ੇ ?ਰਣੀ ਤੱਕ ਰੰਗਪੁਰ (ਪਾਕਿਸਤਾਨ) ਵਿੱਚ ਪ੍ਰਾਪਤ ਕੀਤੀ। ਆਪ ਸਮੇਤ ਪੰਜ ਭਰਾ (ਸ੍ਰ: ਚੈਂਚਲ ਸਿੰਘ, ਸ੍ਰ: ਤਰਲੋਚਨ ਸਿੰਘ, ਸੰਤ ਹਰਨਾਮ ਸਿੰਘ, ਸ੍ਰ: ਨਿਰੰਜਣ ਸਿੰਘ, ਸ੍ਰ: ਅਮਰ ਸਿੰਘ) ਤੇ ਇੱਕ ਭੈਣ ਬੀਬੀ ਹਰਬੰਸ ਕੌਰ ਹਨ। ਸੰਤ ਜੀ ਦਾ 22 ਸਾਲ ਦੀ ਉਮਰ 'ਚ ਸੰਨ 1946 ਈ: ਵਿੱਚ ਬੀਬੀ ਰਣਜੀਤ ਸਿੰਘ ਕੌਰ ਨਾਲ ਵਿਆਹ ਹੋਇਆ।

**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰ:1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ**

# ਬੱਚਿਆਂ ਨੂੰ ਮੋਬਾਈਲ ਦਾ ਵਿਕਲਪ ਦਿਓ



**ਵਿਜੈ ਗਰਗ**
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ

**ਬੱਚਿਆਂ** ਦੇ ਮੋਬਾਈਲ ਦੀ ਲਤ ਕਾਰਨ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਪ੍ਰਭਾਵਿਤ ਹੋ ਰਿਹਾ ਹੈ। ਜਾਗਰੂਕ ਮਾਪਿਆਂ ਨੇ ਕਿਸੇ ਨਾ ਕਿਸੇ ਸਮੇਂ ਇਹ ਸਮੱਸਿਆ ਜ਼ਰੂਰ ਮਹਿਸੂਸ ਕੀਤੀ ਹੋਵੇਗੀ। ਬੱਚਿਆਂ ਨੂੰ ਇਸ ਲਤ ਤੋਂ ਬਚਾਇਆ ਜਾ ਸਕਦਾ ਹੈ। ਜੇਕਰ ਘਰ 'ਚ ਬੱਚੇ ਬਹੁਤ ਛੋਟੇ ਹਨ ਤਾਂ ਆਪ ਮੋਬਾਈਲ ਵੱਲ ਨਹੀਂ ਦੇਖਣਾ ਚਾਹੀਦਾ। ਕਿਉਂਕਿ ਬੱਚੇ ਤੁਹਾਡੀ ਨਕਲ ਕਰਦੇ ਹਨ। ਕੋਸ਼ਿਸ਼ ਕਰੋ ਕਿ ਬੱਚੇ ਦੇ ਸਾਹਮਣੇ ਮੋਬਾਈਲ ਹੱਥ ਵਿੱਚ ਨਾ ਰੱਖੋ। ਮਾਂ ਖਾਣਾ ਖਾਂਦੇ ਸਮੇਂ ਬੱਚਿਆਂ ਨੂੰ ਮੋਬਾਈਲ ਦਿੰਦੀ ਹੈ ਅਤੇ ਬੱਚੇ ਆਸਾਨੀ ਨਾਲ ਖਾਣਾ ਖਾਂਦੇ ਹਨ। ਸ਼ੁਰੂ ਵਿਚ ਸਭ ਕੁਝ ਠੀਕ-ਠਾਕ ਲੱਗਦਾ ਹੈ, ਪਰ ਫਿਰ ਬੱਚਿਆਂ ਨੂੰ ਮੋਬਾਈਲ ਫ਼ੋਨ ਮਿਲ ਜਾਂਦਾ ਹੈ ਨਸ਼ਾ ਲੱਗ ਜਾਂਦਾ ਹੈ। ਆਯੁਰਵੇਦ ਅਨੁਸਾਰ ਭੋਜਨ ਕਰਦੇ ਸਮੇਂ ਤੁਹਾਡਾ ਧਿਆਨ ਸਿਰਫ਼ ਖਾਣ 'ਤੇ ਹੀ ਹੋਣਾ ਚਾਹੀਦਾ ਹੈ, ਨਹੀਂ ਤਾਂ ਭੋਜਨ ਠੀਕ ਤਰ੍ਹਾਂ ਨਾਲ ਨਹੀਂ ਪਚੇਗਾ ਅਤੇ ਤੁਹਾਡਾ ਪੇਟ ਖਰਾਬ ਹੋਵੇਗਾ। ਖਾਣਾ ਖਾਂਦੇ ਸਮੇਂ ਬੱਚਿਆਂ ਨੂੰ ਮੋਬਾਈਲ ਨਾ ਦਿਓ, ਭਾਵੇਂ ਬੱਚੇ ਖਾਣਾ ਕਿਉਂ ਨਾ ਖਾਂਦੇ ਹੋਣ। ਕਈ ਵਾਰ ਮਾਵਾਂ ਬੱਚਿਆਂ ਨੂੰ ਘਰ ਦੇ ਕੰਮ ਜਿਵੇਂ ਕਿ ਰਸੋਈ ਦਾ ਕੰਮ ਜਾਂ ਕੱਪੜੇ ਧੋਣ ਆਦਿ ਨੂੰ ਆਸਾਨੀ ਨਾਲ ਕਰਨ ਲਈ ਮੋਬਾਈਲ ਦਿੰਦੀਆਂ ਹਨ ਤਾਂ ਜੋ ਬੱਚੇ ਉਨ੍ਹਾਂ ਨੂੰ ਪਰੇਸ਼ਾਨ ਨਾ ਕਰਨ। ਇਸ ਕਾਰਨ ਬੱਚੇ ਮੋਬਾਈਲ ਦੇ ਆਦੀ ਹੋ ਜਾਂਦੇ ਹਨ। ਬੱਚਿਆਂ ਲਈ ਮੋਬਾਈਲ ਘੱਟ ਦੇਖਣ ਲਈ ਉਨ੍ਹਾਂ ਨੂੰ ਕਿਸੇ ਨਾ ਕਿਸੇ ਕਲਾ ਵਿੱਚ ਵਿਅਸਤ ਰੱਖਣਾ ਸਭ ਤੋਂ ਜ਼ਰੂਰੀ ਹੈ। ਬੱਚੇ ਦੀ ਮਿੱਟੀਉਹ ਇਸਤਰੀਆਂ ਵਰਗੀਆਂ ਹਨ, ਤੁਸੀਂ ਉਨ੍ਹਾਂ ਨੂੰ ਜਿਸ ਸਾਂਚੇ ਵਿੱਚ ਢਾਲੋਗੇ, ਉਹ ਉਸ ਵਿੱਚ ਢਾਲੇ ਜਾਣਗੇ। ਜੇਕਰ ਅਸੀਂ ਚਾਹੁੰਦੇ ਹਾਂ ਕਿ ਬੱਚੇ ਮੋਬਾਈਲ ਵੱਲ ਨਾ ਦੇਖਣ, ਤਾਂ ਸਾਨੂੰ ਉਨ੍ਹਾਂ ਨੂੰ ਕਿਸੇ ਨਾ ਕਿਸੇ ਕੰਮ ਵਿੱਚ ਵਿਅਸਤ ਰੱਖਣਾ ਪਵੇਗਾ। ਤੁਸੀਂ ਉਨ੍ਹਾਂ ਨੂੰ ਕਹਾਣੀ ਸੁਣਾਓ। ਉਹਨਾਂ ਨੂੰ ਖੇਡਣ ਲਈ ਰਚਨਾਤਮਕ ਖਿਡੌਣੇ ਦਿਓ। ਹੁਣ ਗੱਲ ਕਰਦੇ ਹਾਂ ਥੋੜ੍ਹੇ ਜਿਹੇ ਵੱਡੇ ਬੱਚਿਆਂ ਦੀ। ਬੱਚਿਆਂ ਨੂੰ ਨਿਸ਼ਚਿਤ ਸਮੇਂ ਲਈ ਮੋਬਾਈਲ ਦਿਓ ਅਤੇ ਨਜ਼ਰ ਰੱਖੋ। ਕਈ ਵਾਰ ਬੱਚੇ ਮੋਬਾਈਲ ਹੀ ਮੰਗਦੇ ਹਨ ਕਿਉਂਕਿ ਉਨ੍ਹਾਂ ਦੀ ਜਮਾਤ ਦੇ ਬੱਚੇ ਅਜਿਹਾ ਕਰਦੇ ਹਨ। ਵਿਚਕਾਰ ਬੱਚਿਆਂ ਨੂੰ ਸਮਝਾਓ ਕਿ ਮੋਬਾਈਲ ਦੀ ਸਕਾਰਾਤਮਕ ਵਰਤੋਂ ਕਿਵੇਂ ਕਰਨੀ ਹੈ। ਤੁਸੀਂ ਆਪਣੇ ਆਪ ਨੂੰਆਪਣੇ ਆਪ 'ਤੇ ਵੀ ਕਾਬੂ ਰੱਖੋ। ਅਧਿਆਤਮਿਕ ਗਤੀਵਿਧੀਆਂ ਤੁਹਾਨੂੰ ਸਕਾਰਾਤਮਕ ਬਣਾਉਂਦੀਆਂ ਹਨ ਅਤੇ ਇੱਕ ਚੰਗੀ ਰੁਟੀਨ ਪ੍ਰਦਾਨ ਕਰਦੀਆਂ ਹਨ। ਜੇਕਰ ਤੁਸੀਂ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਅਧਿਆਤਮਿਕ ਗਤੀਵਿਧੀਆਂ ਨੂੰ ਸ਼ਾਮਲ ਕਰਦੇ ਹੋ, ਤਾਂ ਤੁਹਾਨੂੰ ਮੋਬਾਈਲ ਲਈ ਸਮਾਂ ਨਹੀਂ ਮਿਲੇਗਾ। ਇੱਕ ਵਾਰ ਦਿੱਲੀ ਮੈਟਰੋ ਵਿੱਚ ਇੱਕ 10-12 ਸਾਲ ਦੀ ਬੱਚੀ ਨੂੰ ਕਿਤਾਬ ਪੜ੍ਹਦਿਆਂ ਦੇਖ ਕੇ ਇੱਕ ਬਜ਼ੁਰਗ ਔਰਤ ਨੇ ਆਪਣੀ ਮਾਂ ਨੂੰ ਪੁੱਛਿਆ ਕਿ ਅੱਜ ਦੇ ਸਮੇਂ ਵਿੱਚ ਜਦੋਂ ਸਾਰੇ ਬੱਚੇ ਮੋਬਾਈਲ ਲੈ ਕੇ ਜਾਂਦੇ ਹਨ ਤਾਂ ਤੁਹਾਡੀ ਬੱਚੀ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਕਿਵੇਂ ਪੈ ਗਈ ? ਫਿਰ ਉਸਦੀ ਮਾਂ ਦਾ ਦਿੱਤਾ ਜਵਾਬ ਮੇਰਾ ਮਾਰਗ ਦਰਸ਼ਕ ਬਣ ਗਿਆ। ਦੀ ਹੈ, ਜੋ ਕਿਮਾਂ ਨੇ ਜਵਾਬ ਦਿੱਤਾ, 'ਕਿਉਂਕਿ ਮੇਰੇ ਹੱਥ ਵਿਚ ਕਿਤਾਬ ਹੈ, ਇਸ ਲਈ ਉਸ ਦੇ ਹੱਥ ਵਿਚ ਵੀ ਇਕ ਕਿਤਾਬ ਹੈ।' ਅੱਜ ਸਾਨੂੰ ਅਜਿਹੀਆਂ ਮਾਵਾਂ ਦੀ ਲੋੜ ਹੈ।

# ਜਲੰਧਰ ਚੋਣਾਂ ਦੇ ਐਲਾਨ ਮਗਰੋਂ ਚੋਣ ਜ਼ਾਬਤਾ ਸਖ਼ਤੀ ਨਾਲ ਲਾਗੂ ਕਰਨ ਦੇ ਹੁਕਮ

## ਕਿਹਾ ਚੋਣ ਜ਼ਾਬਤੇ ਦੀ ਕਿਸੇ ਵੀ ਕਿਸਮ ਦੀ ਉਲੰਘਣਾ ਨਹੀਂ ਹੋਵੇਗੀ ਬਰਦਾਸ਼ਤ



**ਜਲੰਧਰ/ਲੋਕ ਬਾਣੀ**

ਭਾਰਤ ਚੋਣ ਕਮਿਸ਼ਨ ਵਲੋਂ ਲੋਕ ਸਭਾ ਹਲਕਾ 04 ਜਲੰਧਰ ਦੀ ਉਪ ਚੋਣ ਦਾ ਐਲਾਨ ਕਰਨ ਤੋਂ ਤੁਰੰਤ ਬਾਅਦ ਡਿਪਟੀ ਕਮਿਸ਼ਨਰ-ਕਮ-ਜ਼ਿਲਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਨੇ ਅੱਜ ਸਮੂਹ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤਾ ਪੂਰੀ ਸਖ਼ਤੀ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਦਿੰਦਿਆਂ ਕਿਹਾ ਕਿ ਇਸ ਵਿਚ ਕਿਸੇ ਕਿਸਮ ਦੀ ਢਿੱਲ-ਮੱਠ ਅਤੇ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਦਫ਼ਤਰਾਂ, ਵਿਭਾਗ ਦੀਆਂ ਵੈਬਸਾਈਟਾਂ ਅਤੇ ਵੈਬ ਪੇਜਾਂ ਆਦਿ ਤੋਂ ਸਿਆਸੀ ਆਗੂਆਂ ਦੀਆਂ ਤਸਵੀਰਾਂ ਆਦਿ ਤੁਰੰਤ ਲਾਹੁਣ ਦੇ ਵੀ ਨਿਰਦੇਸ਼ ਦਿੱਤੇ।

ਉਨਾਂ ਕਿਹਾ ਕਿ ਸਰਕਾਰੀ ਦਫ਼ਤਰਾਂ, ਬਿਲਡਿੰਗਾਂ, ਪੋਲਾਂ ਅਤੇ ਕੰਪਲੈਕਸਾਂ ਵਿਚੋਂ ਵੀ ਸਿਆਸੀ ਪੋਸਟਰ, ਹੋਰਡਿੰਗ, ਬੈਨਰ ਆਦਿ ਤੁਰੰਤ ਉਤਾਰੇ ਜਾਣ। ਉਨਾਂ ਕਿਹਾ ਕਿ ਸਰਕਾਰੀ ਇਮਾਰਤਾਂ ਤੋਂ ਸਿਆਸੀ ਇਸ਼ਤਿਹਾਰ 24 ਘੰਟਿਆਂ ਵਿਚ ਅਤੇ ਨਿੱਜੀ ਪ੍ਰਾਪਰਟੀਆਂ ਤੋਂ ਇਹ ਇਸ਼ਤਿਹਾਰ 72 ਘੰਟਿਆਂ ਵਿਚ-ਵਿਚ ਉਤਾਰੇ ਜਾਣਾ ਯਕੀਨੀ ਬਣਾਇਆ ਜਾਵੇ। ਉਨਾਂ ਨਗਰ ਨਿਗਮ ਜਲੰਧਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦੇ ਦਫ਼ਤਰ, ਜ਼ਿਲਾ ਵਿਕਾਸ ਤੇ ਪੰਚਾਇਤ ਅਫ਼ਸਰ ਅਤੇ ਹੋਰਨਾਂ ਸਬੰਧਤ ਅਦਾਰਿਆਂ ਨੂੰ ਵੀ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ।

ਉਪ ਚੋਣ ਦੇ ਮੱਦੇਨਜ਼ਰ ਵੱਖ-ਵੱਖ ਚੋਣ ਕਾਰਜਾਂ ਲਈ ਤਾਇਨਾਤ ਸਮੂਹ ਨੋਡਲ ਅਫ਼ਸਰਾਂ ਨੂੰ ਉਨਾਂ ਦੀ ਡਿਊਟੀ ਤੋਂ ਜਾਣੂ ਕਰਵਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਿਰਪੱਖ ਅਤੇ ਸ਼ਾਂਤਮਈ ਚੋਣਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਚੋਣਾਂ ਸਬੰਧੀ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਉਪ ਚੋਣ ਨੂੰ ਅਮਨ-ਅਮਾਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਨਾਲ ਹੀ ਉਨਾਂ ਮੁੱਖ ਚੋਣ ਅਫਸਰ, ਪੰਜਾਬ ਰਾਹੀਂ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜੀਆਂ ਜਾਣ ਵਾਲੀਆਂ ਸਾਰੀਆਂ ਰੋਜ਼ਾਨਾ ਰਿਪੋਰਟਾਂ ਸਮੇਂ ਸਿਰ ਭੇਜਣ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ। ਉਨਾਂ ਦੱਸਿਆ ਕਿ ਚੋਣ ਖਰਚੇ ਅਤੇ ਕਾਨੂੰਨ ਤੇ ਵਿਵਸਥਾ ਦੀ ਨਜ਼ਰਸਾਨੀ ਲਈ ਵਿਧਾਨ ਸਭਾ ਹਲਕਾ ਪੱਧਰ ਤੋਂ ਜ਼ਿਲਾ ਪੱਧਰ ਤੱਕ ਵੱਖ-ਵੱਖ ਟੀਮਾਂ ਦੀ ਗਠਨ ਕੀਤਾ ਗਿਆ ਹੈ।

ਉਨਾਂ ਅੱਗੇ ਦੱਸਿਆ ਕਿ ਆਰ.ਓ. ਲੈਵਲ 'ਤੇ ਐਮ.ਸੀ.ਐਮ.ਸੀ., ਡੀ.ਈ.ਐਮ.ਸੀ., ਸ਼ਿਕਾਇਤ ਸੈੱਲ, ਡੇਲੀ ਰਿਪੋਰਟਿੰਗ ਸੈੱਲ ਆਦਿ ਤੋਂ ਇਲਾਵਾ ਵਿਧਾਨ ਸਭਾ ਪੱਧਰ 'ਤੇ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਟੀਮ ਮੈਂਬਰਾਂ ਨੂੰ ਪਹਿਲੇ ਰਾਊਂਡ ਦੀ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਡਿਪਟੀ ਕਮਿਸ਼ਨਰ ਆਫ ਪੁਲਿਸ ਜਗਮੋਹਨ ਸਿੰਘ, ਐਸ.ਡੀ.ਐਮਜ਼. ਬਲਬੀਰ ਰਾਜ ਸਿੰਘ ਤੇ ਅਮਨਪਾਲ ਸਿੰਘ, ਜ਼ਿਲਾ ਮਾਲ ਅਫ਼ਸਰ ਜਸ਼ਨਜੀਤ ਸਿੰਘ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ, ਸਮੂਹ ਨੋਡਲ ਅਫ਼ਸਰ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।

# ਮੇਰਾ ਟਵੀਟ ਡਿਲੀਟ ਹੋਣ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ : ਜਥੇਦਾਰ ਹਰਪ੍ਰੀਤ ਸਿੰਘ



**ਅੰਮ੍ਰਿਤਸਰ/ਲੋਕ ਬਾਣੀ**

ਮੇਰਾ ਟਵੀਟ ਡਿਲੀਟ ਹੋਣ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ। ਜੇਕਰ ਕੌਮ ਦੇ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਆਵਾਜ਼ ਉਨ੍ਹਾਂ ਦੇ ਟਵੀਟ ਬੰਦ ਕਰਕੇ, ਉਨ੍ਹਾਂ ਦੇ ਪੇਜ ਬੰਦ ਕਰਕੇ ਦਬਾ ਦਿੱਤੀ ਗਈ ਹੈ ਤਾਂ ਮੇਰਾ ਟਵੀਟ ਡਿਲੀਟ ਹੋ ਗਿਆ ਤਾਂ ਕੋਈ ਗੱਲ ਨਹੀਂ। ਮੇਰੀ ਆਵਾਜ਼ ਕੌਮ ਦੇ ਹਜ਼ਾਰਾਂ ਸਿੱਖ ਨੌਜਵਾਨ ਹਨ। ਇਹ ਪ੍ਰਗਟਾਵਾ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਵੀਡੀਓ ਜਾਰੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ, ਉਦੋਂ ਉਹ ਹੋਰ ਉੱਭਰ ਕੇ ਸਾਹਮਣੇ ਆਉਂਦੀ ਹੈ। ਇਕ ਸਲੋਗਨ ਬੋਲਦਿਆਂ ਉਨ੍ਹਾਂ ਕਿਹਾ ਕਿ 'ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ, ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ'। ਨਾ ਕਿਸੇ ਦਾ ਹੱਕ ਮਾਰੋ ਤੇ ਨਾ ਆਪਣਾ ਮਰਨ ਦਿਓ, ਜਦੋਂ ਕੋਈ ਸਾਨੂੰ ਚੋਭ ਮਾਰਦਾ ਹੈ ਤਾਂ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਸ ਨੂੰ ਪੀੜ ਵੀ ਨਾ ਹੋਵੇ। ਦੱਸ ਦੇਈਏ ਕਿ ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਸਿੰਘ ਸਾਹਿਬ ਦਾ ਉਹ ਟਵੀਟ ਜੋ ਉਨ੍ਹਾਂ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੱਤਰਕਾਰਾਂ, ਬੁੱਧੀਜੀਵੀਆਂ, ਨਿਹੰਗ ਸਿੰਘ ਦਲਾਂ ਤੇ ਪੰਥਕ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਐਲਾਨ ਕੀਤਾ ਸੀ ਕਿ ਜੇਕਰ 24 ਘੰਟਿਆਂ ਅੰਦਰ ਸਰਕਾਰ ਨੇ ਅੰਮ੍ਰਿਤਪਾਲ ਆਪ੍ਰੇਸ਼ਨ ਦੌਰਾਨ ਫੜੇ ਗਏ ਨੌਜਵਾਨ ਜਿਨ੍ਹਾਂ 'ਤੇ ਐੱਨ. ਐੱਸ. ਏ. ਲਗਾਈ ਹੈ, ਨੂੰ ਨਾ ਛੱਡਿਆ ਤਾਂ ਉਹ ਨਵੀਂ ਵਿਉਂਤਬੰਦੀ ਕਰਨਗੇ, ਡਿਲੀਟ ਕਰ ਦਿੱਤਾ ਗਿਆ ਸੀ ਉਨ੍ਹਾਂ ਕਿਹਾ ਕਿ ਸਿੱਖ ਕੌਮ ਪੰਜਾਬ ਦਾ ਭਲਾ ਚਾਹੁੰਦੀ ਹੈ ਤੇ ਸਾਨੂੰ ਸਾਡੇ ਗੁਰੂ ਸਾਹਿਬਾਨ ਨੇ 'ਜੀਓ ਅਤੇ ਜਿਊਣ ਦਿਓ' ਸਿਖਾਇਆ ਹੈ। ਨੈਸ਼ਨਲ ਮੀਡੀਆ ਨੇ ਮਹਾਰਾਜ ਰਣਜੀਤ ਸਿੰਘ ਦੇ ਸਿੱਖ ਰਾਜ ਸਮੇਂ ਲਾਲ ਕਿਲ੍ਹੇ 'ਤੇ ਝੂਲਦੇ ਨਿਸ਼ਾਨ ਸਾਹਿਬ ਨੂੰ ਲੈ ਕੇ ਜੋ ਕੀਤਾ ਹੈ, ਜੋ ਸਿੱਖਾਂ ਦੀ ਵਿਰਾਸਤ ਹੈ ਤੇ ਜਿਸ 'ਤੇ ਹਰ ਸਿੱਖ ਮਾਣ ਕਰਦਾ ਹੈ, ਨੂੰ ਤੋੜ-ਮਰੋੜ ਕੇ ਦਿਖਾ ਕੇ ਤੇ ਉਸ ਨੂੰ ਖਾਲਿਸਤਾਨ ਨਾਲ ਜੋੜ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ, ਉਨ੍ਹਾਂ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ ਤੇ ਸਿੱਖਾਂ ਦੇ ਅਕਸ ਨੂੰ ਧੁੰਦਲਾ ਕਰਨ ਦਾ ਯਤਨ ਕੀਤਾ ਹੈ। ਜੇ ਭਾਰਤ ਨੂੰ ਅਖੰਡ ਰੱਖਣਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮਲਟੀਪਰਪਜ਼ ਨੂੰ ਡਿਲੀਟ ਕਰਕੇ ਰੱਖ ਦਿਓ। ਇਕ ਹੋਰ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਕੋਈ ਪ੍ਰੈਸ਼ਰ ਨਹੀਂ ਹੈ। ਕੌਮ ਦਾ ਪਹਿਰੇਦਾਰ ਬਣ ਕੇ ਰਹਿਣਾ ਮੇਰਾ ਫ਼ਰਜ਼ ਹੈ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਅਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨਾ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-277080
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी जय मस्तां दी जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com




DIPS IMT
DIPS INSTITUTE OF MANAGEMENT & TECHNOLOGY
DIPS INSTITUTIONS CHAIN OF DIPS INSTITUTIONS KNOWLEDGE IS POWER
RAMNEEK AVENUE, PATHANKOT BYE PASS
JALANDHAR CITY
www.dipsimt@gmail.com | dipsimt@gmail.com
CONTACT : 95010-00697, 97806-0099